# ਸੀਸ ਤਲੀ 'ਤੇ

(ਪਰਦਾ ਖੁਲ੍ਹਣ 'ਤੇ ਇਕ ਸਰਕਾਰੀ ਢੰਡੋਰੇ ਵਾਲਾ ਸਟੇਜ 'ਤੇ ਆਉਂਦਾ ਹੈ।)

ਢੰਡੋਰਾ : ਸੁਣੋ ਸੁਣੋ-ਹੁਕਮ ਬਾਦਸ਼ਾਹ ਦਾ, ਖਲਕਤ ਖ਼ੁਦਾ ਦੀ-ਐਲਾਨ ਸਰਕਾਰ ਦਾ-ਸਾਰੇ ਆਮ ਅਤੇ ਖ਼ਾਸ ਨੂੰ ਇਤਲਾਹ ਦਿੱਤੀ ਜਾਂਦੀ ਹੈ ਕਿ ਆਉਂਦੇ ਵੀਰਵਾਰ ਜ਼ਿਲ੍ਹੇ ਦੀ ਕਚਹਿਰੀ ਦੇ ਸਾਹਮਣੇ ਰੇਂਜਰ ਸਾਹਿਬ ਦੇ ਦਫ਼ਤਰ ਵਿਚ ਹੁਸ਼ਿਆਰਪੁਰ ਤੋਂ ਗੜ੍ਹਦੀਵਾਲ ਵਾਲੀ ਸੜਕ ਦੇ ਲੱਗੇ ਅੰਬਾਂ ਦਾ ਠੇਕਾ ਹੋਵੇਗਾ-ਜਿਸਨੇ ਵੀ ਇਹ ਠੇਕਾ ਲੈਣਾ ਹੋਵੇ, ਉਹ ਬੋਲੀ ਵਾਲੀ ਥਾਂ 'ਤੇ ਪੁੱਜ ਜਾਵੇ।

*(ਸਟੇਜ ਦੇ ਇਕ ਪਾਸੇ ਤੋਂ ਬਾਹਰ ਜਾਂਦਾ ਹੈ-ਦੂਜੇ ਪਾਸੇ ਤੋਂ ਬਬਰਾਂ ਦਾ ਬੰਦਾ ਆਉਂਦਾ ਹੈ, ਐਲਾਨ ਕਰਦਾ ਹੋਇਆ)*

ਬਬਰਾਂ ਦਾ ਬੰਦਾ : ਸੁਣੋ-ਸੁਣੋ ਅਵਾਜ਼ ਲੋਕਾਂ ਦੀ, ਰਜ਼ਾ ਰੱਬ ਦੀ-ਐਲਾਨ ਬਬਰਾਂ ਦਾ-ਕੋਈ ਵੀ ਹੋਣ ਵਾਲੀ ਬੋਲੀ 'ਤੇ ਬੋਲੀ ਨਾ ਦੇਵੇ-ਜਿਸਨੇ ਵੀ ਬੋਲੀ ਦਿੱਤੀ, ਉਹਨੂੰ ਸਰਕਾਰ ਦਾ ਏਜੰਟ ਸਮਝ ਕੇ ਸੋਧਿਆ ਜਾਵੇਗਾ-ਇਹ ਸੱਤ ਸਮੁੰਦਰੋਂ ਪਾਰ ਆਏ ਲੋਕ ਸਾਡੇ ਹੀ ਅੰਬਾਂ ਦੀ ਬੋਲੀ ਦੇਣ ਵਾਲੇ ਕੌਣ ਨੇ ? ਇਹ ਧਰਤੀ ਸਾਡੀ ਏ, ਇਹਦੇ ਰੁਖ ਸਾਡੇ ਨੇ; ਇਹਨਾਂ ਦੀਆਂ ਛਾਵਾਂ ਸਾਡੀਆਂ ਨੇ ਇਹਨਾਂ ਦੀਆਂ ਹਵਾਵਾਂ ਸਾਡੀਆਂ ਨੇ-ਕੋਈ ਵੀ ਬੋਲੀ ਨਾ ਦੇਵੇ-

*(ਇਹ ਕਹਿੰਦਾ ਕਹਿੰਦਾ ਦੂਜੇ ਪਾਸੇ ਤੋਂ ਬਾਹਰ ਚਲਾ ਜਾਂਦਾ ਹੈ-ਇਕ ਪਾਸੇ ਤੋਂ ਗੁੱਸੇ ਦੇ ਵਿਚ ਅੰਗਰੇਜ਼ ਅਫ਼ਸਰ ਆਉਂਦਾ ਹੈ)*

ਅੰਗਰੇਜ਼ ਦੀ ਤਕਰੀਰ : 'ਹਮਾ ਚਾਹਟੇ ਹੈਂ ਕਿ ਈਸ਼ ਮੁਲਕ ਮੇਂ ਕਾਨੂੰਨ ਕਾ ਰਾਜ ਹੋ-ਈਸ਼ ਦੇਸ਼ ਮੇਂ ਲੋਕ ਕਾਨੂੰਨ ਸ਼ੇ ਜੀਏਂ ਔਰ ਕਾਨੂੰਨ ਸ਼ੇ ਮਰੇਂ-ਮਗੜ ਕੁਸ਼ ਲੋਕ ਯਹਾਂ ਦੰਗਾ ਕਰਨਾਂ ਮਾਂਗਟਾ ਹੈ-ਵੋਹ ਆਪਣੇ ਆਪ ਕੋ ਬੱਬਰ ਕਹਿਟਾ ਹੈ-ਹਮ ਉਨਕਾ ਰੈਟ ਕੀ ਮਾਫਕ ਸ਼ੀਕਾਰ ਕੜੇਗਾ-ਵੋਹ ਵਫ਼ਾਦਾਰ ਲੋਕੋਂ ਕਾ ਕਟਿਲ ਕੜਤਾ ਹੈ-ਡਾਕਾ ਡਾਲਤਾ ਹੈ-ਐਸੇ ਲੋਕੋ ਕੋ ਸਾਥ ਹੰਮ ਸਖ਼ਤੀ ਸੇ ਨਿਪਟੇਗਾ-ਲੋਕੋਂ ਨੇ ਜਲ੍ਹਿਆਂ ਵਾਲਾ ਬਾਗ ਮੇਂ ਦੰਗਾ ਕੀਆ-ਹੰਮਕੋ ਸਖਤੀ ਕਰਨਾ ਪੜਾ-ਗੁਰੂ ਕੇ ਬਾਗ ਮੇਂ ਲੋਕੋ ਨੇ ਸ਼ਤਿਆਗਰਹ ਕੀਆ-ਹਮਾੜੇ ਬੀ.ਟੀ. ਸਾਹਿਬ ਕੋ ਲਾਠੀ ਚਲਾਣਾ ਪੜਾ-ਹਮ ਲਾਠੀ ਚਲਾਟਾ ਹੈ-ਗੋਲੀ ਚਲਾਟਾ

ਹੈ–ਕੀਸ਼ ਲੀਏ–ਸਿਰਫ਼ ਕਾਨੂੰਨ ਕੇ ਲੀਏ–

*(ਗੋਰਾ ਅਫ਼ਸਰ ਚਲਾ ਜਾਂਦਾ ਹੈ–ਦੂਜੇ ਪਾਸੇ ਤੋਂ ਬੱਬਰਾਂ ਦੇ ਦੋ ਬੰਦੇ ਆਉਂਦੇ ਹਨ। ਉਹ ਤਕਰੀਰ ਨੂੰ ਤੋੜ ਤੋੜ ਕੇ ਬੋਲਦੇ ਨੇ।)*

ਬੱਬਰਾਂ ਦੀ ਤਕਰੀਰ : ਸਾਥੀਓ–ਸਾਡਾ ਮੱਕਸਦ ਬਿਲਕੁਲ ਸਪੱਸ਼ਟ ਏ–ਅਸੀਂ ਚਾਹੁੰਦੇ ਹਾਂ ਕਿ ਆਪਣੇ ਦੇਸ਼ ਨੂੰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਵਾਈਏ–ਅੰਗਰੇਜ਼ ਦੇ ਖ਼ਿਲਾਫ ਲੜਨ ਲਈ ਸਾਡੇ ਲਈ ਦੋ ਹੀ ਰਾਹ ਹਨ–ਇਕ ਮਹਾਤਮਾ ਗਾਂਧੀ ਦਾ ਸ਼ਾਂਤਮਈ ਰਾਹ ਤੇ ਦੂਸਰਾ ਸਰਗਰਮ ਬਗ਼ਾਵਤ ਦਾ ਰਾਹ–ਜਿਸ ਵਿਚ ਹਥਿਆਰਾਂ ਦੀ ਵਰਤੋਂ ਜਾਇਜ਼ ਤੇ ਜ਼ਰੂਰੀ ਮੰਨੀ ਜਾਂਦੀ–ਸਾਡੇ ਲੋਕਾਂ ਨੇ ਸ਼ਾਂਤ ਮਈ ਸੰਘਰਸ਼ ਚਲਾ ਕੇ ਵੇਖ ਲਏ ਅਤੇ ਅਸੀਂ ਵੇਖਿਆ ਕਿ ਸਾਨੂੰ ਕਿੰਨੀ ਬੇਰਹਿਮੀ ਨਾਲ ਦਬਾਇਆ ਗਿਆ ਹੈ, ਜਲ੍ਹਿਆਂ ਵਾਲੇ ਬਾਗ਼ ਨਿਹੱਥਿਆਂ ’ਤੇ ਗੋਲੀਆਂ ਚਲਾਈਆਂ ਗਈਆਂ, ਗੁਰੂ ਕੇ ਬਾਗ ਵਿਚ ਸਾਨੂੰ ਬੇਦਰਦੀ ਨਾਲ ਕੁੱਟਿਆ ਗਿਆ, ਅਸੀਂ ਇਸ ਨਤੀਜੇ ’ਤੇ ਪੁੱਜੇ ਹਾਂ ਕਿ ਫਰੰਗੀ ਸ਼ਾਂਤਮਈ ਰਾਹ ਨਹੀਂ ਸਮਝਦੇ, ਨਾਲੇ ਦੁਸ਼ਮਨ ਨਾਲ ਸ਼ਾਂਤਮਈ ਦਾ ਕੀ ਅਰਥ ? ਕੀ ਬਰਤਾਨੀਆਂ ਨੇ ਪੰਜਾਬ ਸ਼ਾਂਤਮਈ ਢੰਗ ਨਾਲ ਜਿਤਿਆ ਸੀ ? ਕੀ ਸਾਮਰਾਜ ਹੁਣ ਸ਼ਾਂਤਮਈ ਅੰਦੋਲਨ ਨਾਲ ਤੁਰ ਜਾਏਗਾ ? ਅੱਜ ਤੱਕ ਦੀ ਤਵਾਰੀਖ ਵਿਚ ਤਾਂ ਇਹੋ ਜਹੀ ਕੋਈ ਮਿਸਾਲ ਨਹੀਂ ਮਿਲਦੀ ਕਿ ਕਰਾਰਿਆਂ ਹੱਥਾਂ ਬਾਜੋਂ ਦੁਸ਼ਮਣ ਨੇ ਹਾਰ ਮੰਨੀ ਹੋਵੇ, ਫਰੰਗੀਆਂ ਲਈ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਵਾਕ ਦੁਹਰਾਉਣੇ ਪੈਣਗੇ–

(ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ)
(ਹਲਾਲ ਅਸਤ ਬੁਰਦਨ ਬਾਸ਼ਮਸ਼ੀਰ ਦਸਤ)

ਜਦੋਂ ਸਾਰੇ ਹੀਲੇ ਮੁੱਕ ਜਾਣ, ਤਲਵਾਰ ਦਾ ਹੀਲਾ ਕਰਨਾ ਹੀ ਪੈਂਦਾ ਹੈ ਅਸੀਂ ਆਪਣੇ ਆਪ ਨੂੰ ਜਥੇਬੰਦ ਕਰਨਾ ਹੈ–ਸਾਡਾ ਮੱਕਸਦ ਹੈ ਕਿ ਪੈਸਾ ਤੇ ਹਥਿਆਰ ਇਕੱਠੇ ਕੀਤੇ ਜਾਣ, ਹਿੰਦੁਸਤਾਨੀ ਫ਼ੌਜ ਵਿਚ ਹਕੂਮਤ ਦੇ ਖਿਲਾਫ਼ ਬੇਵਫਾਈ ਦਾ ਜ਼ਜ਼ਬਾ ਭਰਿਆ - ਅਤੇ ਜਦੋਂ ਹਲਾਤ ਪੱਕ ਜਾਣ, ਲੋਕੀਂ ਤਿਆਰ ਹੋ ਜਾਣ, ਤੇ 1857 ਦੇ ਗਦਰ ਵਾਂਗ ਇਨਕਲਾਬ ਕੀਤਾ ਜਾਏ, ਲੋਕਾਂ ਨੂੰ ਤਿਆਰ ਕਰਨ ਲਈ ‘ਸਾਡਾ ਜੱਥਾ ਪਿੰਡਾਂ ਵਿਚ ਚੱਕਰ ਲਾਏ, ਪ੍ਰਚਾਰ ਕਰੇ ਤੇ ਪੁਲਿਸ ਦੇ ਹੱਥ ਨਾ ਆਵੇ–ਜੇ ਕੋਈ ਫੜਨ ਪਵੇ ਤਾਂ ਫੜਕਾ ਕੱਢਿਆ ਜਾਵੇ–ਪਿੰਡਾਂ ਵਿਚ ਨੰਬਰਦਾਰਾਂ, ਸਫ਼ੈਦ–ਪੋਸ਼ਾਂ, ਜ਼ੈਲਦਾਰਾਂ ਤੇ ਹੋਰ ਸਰਕਾਰੀ ਏਜੰਟਾਂ ਨੂੰ ਡਰਾ ਕੇ ਬੇਕਾਰ ਕਰ ਦਿੱਤਾ ਜਾਏ–

ਇਸ ਜੱਥੇ ਦਾ ਨਾਂ ਚੱਕਰ ਵਰਤੀ ਜੱਥਾ ਹੋਵੇ–ਅਸੀਂ ਸੰਘਰਸ਼ ਕਰਦੇ ਹਾਂ, ਹਥਿਆਰ ਚੁੱਕਦੇ ਹਾਂ, ਕਿਸ ਲਈ, ਸਿਰਫ਼ ਆਜ਼ਾਦੀ ਲਈ–ਸਿਰਫ਼ ਆਜ਼ਾਦੀ ਲਈ–

*(ਇਹ ਕਹਿੰਦੇ ਦੋਵੇਂ ਬੱਬਰ ਚਲੇ ਜਾਂਦੇ ਹਨ।)*

ਪਿਛੋਂ ਅਵਾਜ਼ : ਤੇ ਪੇਸ਼ ਕਰਦੇ ਹਾਂ ਨਾਟਕ 'ਸੀਸ ਤਲੀ ਤੇ' ਬੱਬਰ ਲਹਿਰ ਨੂੰ ਆਪਣੀ ਸ਼ਰਧਾਂਜਲੀ।

## ਸੀਨ ਪਹਿਲਾ

(ਬੱਬਰ ਕੁੰਦਨ ਸਿੰਘ ਦੇ ਘਰ ਦਾ ਸੀਨ ਸ਼ੁਰੂ ਹੁੰਦਾ ਹੈ)

ਰਤਨੀ : ਕਿੰਨੇ ਦਿਨਾਂ ਤੋਂ ਮੈਂ ਤੇਰੇ ਕੋਲ ਇਕ ਗੱਲ ਪੁੱਛਦੀ ਹਾਂ–ਪਰ ਤੂੰ ਦਸਦਾ ਹੀ ਕੁਝ ਨਹੀਂ–

ਕੁੰਦਨ : ਕੀ ਦਸਾਂ ?

ਰਤਨੀ : ਇਹੋ ਕਿ ਤੇਰੇ ਮੰਨ ਵਿਚ ਕੀ ਏ ?

ਕੁੰਦਨ : ਸਮਾਂ ਆਉਣ 'ਤੇ ਸਾਰਾ ਕੁਝ ਦੱਸ ਦੇਵਾਂਗਾ।

ਰਤਨੀ : ਉਹ ਸਮਾਂ ਕਦੋਂ ਆਏਗਾ ? ਜਦੋਂ ਦਾ ਫ਼ੌਜ ਵਿਚੋਂ ਨਾਂਵਾਂ ਕੱਟਵਾ ਕੇ ਆਇਆਂ ਏਂ–ਬਸ ਅਜੀਬ ਅਜੀਬ ਗੱਲਾਂ ਕਰਦਾ ਏਂ–

ਕੁੰਦਨ : ਤੂੰ ਇਹੋ ਪੁੱਛਦੀ ਏਂ ਨਾ ਕਿ ਮੈਂ ਨਾਂਵਾਂ ਕਿਉਂ ਕਟਵਾ ਆਇਆ–ਬਸ ਇਹੀ ਸਮਝ ਲੈ ਕਿ ਜੀ ਨਹੀਂ ਲੱਗਿਆ–

ਰਤਨੀ : ਪਰ ਕਿਉਂ ਨਹੀ ਜੀ ਲਗਿਆ ?

ਕੁੰਦਨ : ਬਸ ਪਿੰਡ ਦੀ ਯਾਦ ਆ ਗਈ–ਤੇਰੀ ਯਾਦ ਆ ਗਈ–

ਰਤਨੀ : ਐਵੇਂ ਬੁਝਾਰਤਾਂ ਨਾ ਪਾ ਅਗੇ ਤਾਂ ਪੰਜ ਸਾਲ ਨਾ ਪਿੰਡ ਦੀ ਯਾਦ ਆਈ ਤੇ ਨਾ ਹੀ ਮੇਰੀ ਆਈ–

ਕੁੰਦਨ : ਜੇ ਤੂੰ ਪੁਛਣਾ ਹੀ ਚਾਹੁੰਦੀ ਏਂ ਤਾਂ ਸੁਣ, ਮੈਂ ਇਕ ਫ਼ੌਜ ਵਿਚੋਂ ਨਾਂਵਾਂ ਕੱਟਵਾ ਆਇਆ ਹਾਂ, ਹੁਣ ਦੂਸਰੀ ਫ਼ੌਜ ਵਿਚ ਭਰਤੀ ਹੋ ਗਿਆ ਹਾਂ–

ਰਤਨੀ : ਕਿਹੜੀ ਫ਼ੌਜ ?

ਕੁੰਦਨ : ਤੂੰ ਜਾਣ ਕੇ ਕੀ ਲੈਣਾ ਏ ?

ਰਤਨੀ : ਕਿਉਂ ਮੇਰਾ ਕੋਈ ਹੱਕ ਨਹੀਂ ?

ਕੁੰਦਨ : ਤੇਰੇ ਸਾਰੇ ਹੱਕ ਨੇ–ਪਰ ਜਿਸ ਫ਼ੌਜ ਵਿਚ ਮੈਂ ਹੁਣ ਭਰਤੀ ਹੋਇਆ ਹਾਂ ਉਹ ਡਿਸਪਲਨ ਸਖ਼ਤ ਏ–ਤੇ ਸਾਨੂੰ ਇਜਾਜ਼ਤ ਨਹੀਂ ਕਿ ਇਹਦਾ ਭੇਤ ਕਿਸੇ ਨੂੰ ਦੇਈਏ–

ਰਤਨੀ : ਮੈਨੂੰ ਵੀ ਨਹੀਂ ?

ਕੁੰਦਨ : ਨਹੀਂ ਤੈਨੂੰ ਵੀ ਨਹੀਂ ?

ਰਤਨੀ : ਜੇ ਕੋਈ ਪੁਛੇ ਤੇਰੇ ਬਾਰੇ ਕਿ ਕਿਧਰ ਗਿਆ ਏ ?

ਕੁੰਦਨ : ਕਹਿ ਦੇਈਂ ਪਤਾ ਨਹੀਂ ?

ਰਤਨੀ : ਨਾ ਮੈਂ ਇੰਝ ਨਹੀਂ ਕਹਿਣਾ ਫੇਰ ਤਾਂ ਉਹ ਇਹੀ ਸਮਣਗੇ ਕਿ ਤੂੰ ਲੜ ਕੇ ਗਿਆ ਏਂ।

ਕੁੰਦਨ : ਚਲੋ ਸਮਝ ਲੈਣ, ਇਸ ਵਿਚ ਹੀ ਤੇਰੀ ਭਲਾਈ ਏ-

ਰਤਨੀ : ਪਰ ਤੂੰ ਦੱਸਦਾ ਕਿਉਂ ਨਹੀਂ ਮੈਨੂੰ ਤੇਰੀ ਸੌਂਹ ਮੈਂ ਕਿਸੇ ਨੂੰ ਨਹੀਂ ਦੱਸਾਂਗੀ-

ਕੁੰਦਨ : ਸਾਡੀ ਫ਼ੌਜ ਦਾ ਡਿਸਪਲਨ ਏ ਕਿ ਕਿਸੇ ਨੂੰ ਨਹੀਂ ਦੱਸਣਾਂ ਤੇ ਖਾਸ ਕਰਕੇ ਔਰਤਾਂ ਬਾਰੇ ਤਾਂ ਮਸ਼ਹੂਰ ਏ ਕਿ ਉਹ ਕੋਈ ਭੇਤ ਦਿਲ ਵਿਚ ਨਹੀਂ ਰੱਖ ਸਕਦੀਆਂ-

ਰਤਨੀ : ਇਹ ਵੀ ਤਾਂ ਮਰਦਾਂ ਨੇ ਮਸ਼ਹੂਰ ਕੀਤਾ ਹੋਇਆ-ਉਹ ਕੀ ਜਾਣਨ ਕਿ ਕਿੰਨੇ ਹੀ ਭੇਤ ਨੇ ਜਿਹੜੇ ਔਰਤ ਉਮਰ ਭਰ ਸੀਨੇ ਵਿਚ ਲੁਕਾ ਕੇ ਰੱਖਦੀ ਏ-ਉਹਨਾਂ ਨੂੰ ਨਾਲ ਲੈ ਕੇ ਮਰ ਜਾਂਦੀ ਏ, ਪਰ ਸਾਰੀ ਉਮਰ ਜ਼ਬਾਨ ਨਹੀਂ ਖੋਲਦੀ-

ਕੁੰਦਨ : ਰਤਨੀਏ... .. .

ਰਤਨੀ : ਮਰਦ ਇਕ ਜੰਗ ਲੜਦੇ ਨੇ ਤੇ ਛਾਤੀਆਂ 'ਤੇ ਤਮਗੇ ਲਗਾ ਲੈਂਦੇ ਨੇ ਪਰ ਉਹਨਾਂ ਨੂੰ ਕੀ ਪਤਾ ਕਿ ਜਦੋਂ ਇਹ ਜੰਗ ਲੜੀ ਜਾ ਰਹੀ ਹੁੰਦੀ ਏ ਤਾਂ ਇਕ ਔਰਤ ਨੂੰ ਕੀ-ਕੀ ਕੁਰਬਾਨੀਆਂ ਕਰਨੀਆਂ ਪੈਂਦੀਆਂ ਨੇ-

ਕੁੰਦਨ : ਤੂੰ ਤਾਂ ਸੱਚ ਮੁੱਚ ਰੋਣ ਲੱਗ ਪਈ ਏਂ-

ਰਤਨੀ : ਇਹ ਰੋਣਾ ਤਾਂ ਹੁਣ ਉਮਰਾਂ ਦਾ ਰੋਣਾ ਏ-ਮੈਨੂੰ ਪਤਾ ਏ ਕਿ ਜਿਸ ਜੰਗ ਵਿਚ ਤੂੰ ਹੁਣ ਚਲਿਆਂ ਏਂ-ਇਹ ਤਾਂ ਕਦੀ ਨਾ ਮੁਕਣ ਵਾਲੀ ਜੰਗ ਏ-

ਕੁੰਦਨ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਰਤਨੀ : ਸਾਰੇ ਦੁਆਬੇ ਵਿਚ ਉੱਥਲ ਪੁੱਥਲ ਹੋ ਰਹੀ ਏ-ਪੁਲਿਸ ਤੇ ਫ਼ੌਜ ਦੀਆਂ ਗਸ਼ਤਾਂ-ਸੂਬੇਦਾਰ ਦਾ ਕਤਲ, ਕੀ ਮੈਂ ਨਹੀਂ ਸਮਝ ਸਕਦੀ ਕਿ ਦੇਸ਼ ਵਿਚ ਕਿਹੜੀ ਜੰਗ ਲਗ ਗਈ ਏ ਤੇ ਤੇਰਾ ਰਾਤਾਂ ਨੂੰ ਬਾਹਰ ਗਾਇਬ ਰਹਿਣਾ ਕੀ ਇਹ ਨਹੀਂ ਦਸਦਾ ਕਿ ਤੂੰ ਬਬਰਾਂ ਦੇ ਜੱਥੇ ਵਿਚ ਸ਼ਾਮਲ ਹੋ ਗਿਆ ਏਂ-

ਕੁੰਦਨ : ਫੇਰ ਜੇ ਤੈਨੂੰ ਪਤਾ ਈ ਏ ਤਾਂ ਪੁੱਛਦੀ ਕਿਉਂ ਏਂ ?

ਰਤਨੀ : ਤੇਰੇ ਮੂੰਹੋਂ ਸੁਣਨਾ ਚਾਹੁੰਦੀ ਸਾਂ, ਤੇ ਨਾਲੇ ਪੁੱਛਣਾ ਚਾਹੁੰਦੀ ਸਾਂ ਕਿ

ਆਪ ਤੇ ਤੁਰ ਚਲਿਆ ਏਂ ਮੈਨੂੰ ਕਿਸ ਦੇ ਹਵਾਲੇ ਕਰ ਚਲਿਆ ਏਂ–

ਕੁੰਦਨ : ਸਾਰਾ ਪਿੰਡ ਤੇਰੀ ਰਖਵਾਲੀ ਕਰੇਗਾ–

ਰਤਨੀ : ਇਹ ਕਹਿਣ ਦੀਆਂ ਗੱਲਾਂ ਨੇ–

ਕੁੰਦਨ : ਇਹ ਜੰਗ ਇਸ ਧਰਤੀ 'ਤੇ ਕੋਈ ਪਹਿਲੀ ਤਾਂ ਨਹੀਂ ਲੜੀ ਗਈ–ਗੁਰੂ ਗੋਬਿੰਦ ਸਿੰਘ ਦੇ ਸਿੱਖਾਂ ਨੇ ਇਹ ਜੰਗ ਸੌ ਸਾਲ ਲੜੀ–ਤੇ ਤੂੰ ਜਾਣਦੀ ਏਂ ਕਿਸਦੇ ਸਿਰ 'ਤੇ ਲੜੀ–

ਰਤਨੀ : ਕਿਸ ਦੇ ਸਿਰ 'ਤੇ ਲੜੀ ?

ਕੁੰਦਨ : ਲੋਕਾਂ ਦੇ ਸਿਰ 'ਤੇ ਲੜੀ–ਉਹ ਜਦੋਂ ਜੰਗਲਾਂ ਵਿਚ ਜਾ ਲੁੱਕਦੇ ਸਨ ਤਾਂ ਲੋਕ ਉਹਨਾਂ ਨੂੰ ਰੱਸਦ ਪੁਚਾਉਂਦੇ ਸਨ–

ਰਤਨੀ : ਪਰ ਉਸ ਵੇਲੇ ਲੋਕ ਜਾਣਦੇ ਸਨ ਕਿ ਇਹ ਸਿੰਘ ਉਹਨਾਂ ਦੀ ਰਖਵਾਲੀ ਲਈ ਲੜ ਰਹੇ ਨੇ–ਹੁਣ ਤਾਂ ਸਗੋਂ ਇਹ ਕਹਿੰਦੇ ਨੇ ਕਿ ਬਬਰਾਂ ਨੇ ਖਾਹਮਖਾਹ ਅੰਗਰੇਜ਼ ਰਾਜ ਨਾਲ ਟੱਕਰ ਲੈ ਲਈ ਏ–

ਕੁੰਦਨ : ਹੌਲੀ ਹੌਲੀ ਉਹ ਸਮਝ ਜਾਣਗੇ ਕਿ ਸਾਡੀ ਲੜਾਈ ਹੱਕ ਦੀ ਤੇ–ਸੱਚ ਦੀ ਲੜਾਈ ਏ–

ਰਤਨੀ : ਪਰ ਜਾਬਰਾਂ ਦੇ ਅਗੇ ਕੋਈ ਨਹੀਂ ਖਲੋਂਦਾ–ਪੁਲਿਸ ਦੇ ਘੋੜਿਆਂ ਦੀ ਟਾਪ ਸੁਣਕੇ ਸਾਰਾ ਪਿੰਡ ਬਾਰ ਬੰਦ ਕਰਕੇ ਅੰਦਰ ਲੁੱਕ ਜਾਂਦਾ ਏ–

ਕੁੰਦਨ : ਹਰ ਇਕ ਬੰਦੇ ਨੇ ਆਪਣੇ ਕਰਤਵ ਅਨੁਸਾਰ ਆਪਣਾ ਕੰਮ ਕਰਨਾ ਹੁੰਦਾ ਹੈ–ਦੂਜਿਆਂ ਦੇ ਆਸਰੇ ਸ਼ੁਰੂ ਕੀਤਾ ਕੋਈ ਕੰਮ ਸਿਰੇ ਨਹੀਂ ਚੜਦਾ–ਮਨੁੱਖ ਦੇ ਇਤਿਹਾਸ ਦੀ ਹਰ ਇਕ ਸੱਤਰ ਇਸੇ ਅਸੂਲ 'ਤੇ ਲਿਖੀ ਗਈ ਏ–

*(ਬਾਹਰੋਂ ਤਾਈ ਦੀ ਵਆਜ਼ ਆਉਂਦੀ ਹੈ)*

ਤਾਈ : ਵੇ ਕੁੰਦਨ ਸਿੰਘਾਂ, ਘਰੇ ਹੀ ਏਂ–

ਕੁੰਦਨ : ਲੰਘ ਆ ਤਾਈ–

ਤਾਈ : ਲੈ ਸੁੱਖ ਨਾਲ ਨੂੰਹ ਰਾਣੀ ਵੀ ਇਥੇ ਏ–

ਰਤਨੀ : ਪੈਰੀ ਪੈਨੀ ਆਂ ਤਾਈ ਜੀ–

ਤਾਈ : ਜੀਂਦੀ ਰਵੇਂ ਧੀਏ–ਪਰ ਤੇਰੀਆਂ ਅੱਖਾਂ ਕਿਉਂ ਲਾਲ ਨੇ–ਕੀ ਇਹਨੇ ਕੁਝ ਕਿਹਾ ਏ ? ਜ਼ਰੂਰ ਕਿਹਾ ਹੋਣਾ ਏਂ ਇਹ ਸਾਰੇ ਆਪਣੇ ਆਪ ਨੂੰ ਲਾਟੀਕੀਨ ਸਮਝਦੇ ਨੇ–

ਕੁੰਦਨ : ਨਹੀਂ ਤਾਈ ਮੈਂ ਕੁਝ ਨਹੀਂ ਕਿਹਾ, ਉਂਝ ਹੀ ਮੇਰੇ ਜਾਣ ਦੀ ਤਿਆਰੀ ਸੁਣਕੇ ਉਦਾਸ ਹੋ ਗਈ ਏ–

ਤਾਈ : ਜਾਣ ਦੀ ਤਿਆਰੀ ? ਰ ਤੂੰ ਚੱਲਿਆਂ ਕਿਥੇ ਏਂ ? ਨਾਲੇ ਤੂੰ ਦੱਸਿਆ ਸੀ ਕਿ ਫ਼ੌਜ ਵਿਚੋਂ ਹਮੇਸ਼ਾਂ ਲਈ ਆ ਗਿਆ ਏਂ–

ਕੁੰਦਨ : ਤਾਈ ਫ਼ੌਜ ਵਿਚੋਂ ਆ ਗਿਆ ਹਾਂ–ਤਾਂ ਹੁਣ ਘਰ ਹੱਥ 'ਤੇ ਹੱਥ ਰੱਖਕੇ ਥੋੜਾ ਬੈਠੇ ਰਹਿਣਾ ਏ–

ਤਾਈ : ਨਾ ਹੱਥ 'ਤੇ ਹੱਥ ਰੱਖਕੇ ਕਿਉਂ ਬੈਠਨਾ ਏ ਸੁਖ ਨਾਲ, ਨਾਲੇ ਇਹ ਕੋਈ ਉਮਰ ਏ ਘਰ ਬੈਠਣ ਦੀ–

ਕੁੰਦਨ : ਪਰ ਤਾਈ ਤੇਰੀ ਨੂੰਹ ਕਹਿੰਦੀ ਏ ਮੈਂ ਇਹਦੇ ਗੋਡੇ ਮੁੱਢ ਹੀ ਬੈਠਾ ਰਵਾਂ–

ਤਾਈ : ਨਾ ਧੀਏ, ਤੂੰ ਕਾਹਨੂੰ ਕਹਿੰਨੀ ਏ, ਮਰਦ ਕਮਾਈਆਂ ਕਰਦੇ ਹੀ ਚੰਗੇ ਲਗਦੇ ਨੇ–

ਰਤਨੀ : ਪਰ ਤਾਈ ਜੀ, ਪੁਛੋ ਵੀ ਨਾ ਕਿਹੜੀਆਂ ਕਮਾਈਆਂ 'ਤੇ ਚੱਲਿਆ ਏ–

ਤਾਈ : ਮੈਂ ਆਪਣੇ ਪੁੱਤਰ ਨੂੰ ਜਾਣਦੀ ਹਾਂ–ਇਹ ਕਦੀ ਮਾੜੀਆਂ ਕਮਾਈਆਂ ਕਰਨ ਵਾਲਾ ਨਹੀਂ–ਹਾਂ ਪੁੱਤ ਦੱਸ ਨਾ ਕਿਧਰ ਚੱਲਿਆ ਏਂ–

ਕੁੰਦਨ : ਲੈ ਤਾਈ ਤੇਰੇ ਕੋਲੋਂ ਕਾਹਦਾ ਲੁਕਾ ? ਸਾਡਾ ਤਾਇਆ ਜਿਸ ਰਾਹ 'ਤੇ ਚੱਲਿਆ ਸੀ, ਉਸੇ ਰਾਹ ਮੈਂ ਵੀ ਚਲਣਾ ਏ–

ਤਾਈ : ਕੁੰਦਨ ਸਿਆਂ–ਤੂੰ… ਕਿਧਰੇ ਬਬਰਾਂ ਦੇ ਜਥੇ ਨਾਲ ਤਾਂ ਨਹੀਂ–

ਕੁੰਦਨ : ਹਾਂ ਤਾਈ–

ਰਤਨੀ : ਤਾਈ ਜੀ ਤੁਹਾਨੂੰ ਤਾਂ ਇਕ ਦਮ ਦੱਸ ਦਿੱਤਾ ਸੂ–ਪਰ ਮੇਰੇ ਨਾਲ ਸਵੇਰ ਦਾ ਬੁਝਾਰਤਾਂ ਹੀ ਪਾਉਂਦਾ ਰਿਹਾ ਏ–

ਤਾਈ : ਕਿਉਂ ਕੁੰਦਨ ਸਿਆਂ ਠੀਕ ਕਹਿੰਦੀ ਏ–

ਕੁੰਦਨ : ਠੀਕ ਹੀ ਕਹਿੰਦੀ ਏ ਤਾਈ–ਪਰ ਮੈਂ ਇਸ ਨੂੰ ਦਸਣੋਂ ਡਰਦਾ ਸਾਂ ਕਿ ਕਿਧਰੇ…

ਤਾਈ : ਕਿ ਕਿਧਰੇ ਇਹ ਮੈਨੂੰ ਮਨ੍ਹਾਂ ਨਾ ਕਰ ਦੇ–ਤੁਹਾਡੇ ਮਰਦਾਂ ਦਾ ਨੁੱਕਸ ਹੀ ਇਹੋ ਏ ਕੁੰਦਨ ਸਿਆਂ ਕਿ ਤੁਸੀਂ ਆਪਣੇ ਆਪ ਨੂੰ ਬੜੇ ਸੂਰਮੇ ਸਮਝਦੇ ਹੋ ਤੇ ਸਦਾ ਇਹੀ ਖਿਆਲ ਹੀ ਕਰਦੇ ਹੋ ਕਿ ਅਸੀਂ ਤੁਹਾਡੇ ਰਸਤੇ ਦੀ ਰੁਕਾਵਟ ਹੀ ਹੋਵਾਂਗੀਆਂ–ਤੇਰਾ ਤਾਇਆ ਵੀ ਪਹਿਲੇ ਇਵੇਂ ਕਹਿੰਦਾ ਹੁੰਦਾ ਸੀ–ਪਰ ਬਾਅਦ ਵਿਚ ਜਾਕੇ ਕਿਧਰੇ ਮੰਨਿਆ ਕਿ ਅਸੀਂ ਵੀ ਕੁਝ ਕਰਨ ਦਾ ਹੌਸਲਾ ਰਖਦੀਆਂ ਹਾਂ–ਗ਼ਦਰੀ ਬਾਬਿਆਂ ਨਾਲ ਹੋ ਕੇ ਲੜਿਆ–ਪਰ ਮਜਾਲ ਏ ਕਦੀ ਮੈਂ ਮਥੇ ਵੱਟ ਪਾਇਆ ਹੋਵੇ–ਕਿਉਂਕਿ ਮੈਨੂੰ ਪਤਾ ਸੀ ਉਹ ਸੱਚ ਲਈ ਲੜ ਰਿਹੈ–ਹੱਕ ਲਈ ਲੜ ਰਿਹੈ–ਜ਼ੈਲਦਾਰ ਨੇ ਜਦੋਂ ਚੁਗ਼ਲੀ ਖਾਧੀ ਉਹ

ਫੜਿਆ ਗਿਆ ਤੇ ਪੁਲਿਸ ਹਥੋਂ ਮਾਰਿਆ ਗਿਆ–ਪਰ ਮੇਰੇ ਮੂੰਹੋਂ ਕਦੀ ਇਸ ਗੱਲ ਦਾ ਗਿਲਾ ਨਹੀਂ ਨਿਕਲਿਆ ਕਿ ਉਹਨੇ ਉਹ ਰਾਹ ਕਿਉਂ ਅਪਣਾਇਆ, ਕਦੇ ਇਸ ਗੱਲੋਂ ਅੱਖਾਂ ਵਿਚ ਅੱਥਰੂ ਨਹੀਂ ਆਇਆ ਕਿ ਇੰਝ ਮੈਨੂੰ ਛੱਡ ਕਿਉਂ ਗਿਆ ਏ ? ਉਂ ਉਹਦੇ ਜਾਣ ਦੇ ਬਾਅਦ ਕਦੀ ਕਦੀ ਕਲੇਜੇ ਧੂ ਜ਼ਰੂਰ ਪੈਂਦੀ ਸੀ ਕਿ ਨਮਾਨੜੀ ਨੂੰ ਕਲਿਆਂ ਹੀ ਜਹਾਨ ਵਿਚ ਛੱਡ ਗਿਆ ਏਂ–ਪਰ ਇਹ ਸਿਰ ਹਮੇਸ਼ਾਂ ਮਾਣਮਤਾ ਰਿਹਾ–ਹਾਂ, ਜੈਲਦਾਰ ਦੀ ਜਦੋਂ ਉੱਚੀ ਹਵੇਲੀ ਵੇਖਦੀਆਂ ਤਾਂ ਦਿਲ 'ਚ ਭਾਂਬੜ ਜ਼ਰੂਰ ਉਠਦਾ ਹੈ ਕਿ ਇਹ ਕਦੋਂ ਥੇਹ ਹੋਏਗੀ–

ਰਤਨੀ : ਤਾਈ, ਮਨ੍ਹਾਂ ਮੈਂ ਵੀ ਕਦੋਂ ਕਰਦੀ ਹਾਂ–ਮੈਂ ਤਾਂ ਇਨਾਂ ਹੀ ਪੁੱਛਦੀ ਸੀ ਕਿ ਮੈਨੂੰ ਵੀ ਦੱਸ ਜਾ ਕਿ ਮੈਂ ਇਹਦੇ ਪਿਛੋਂ ਕੀ ਕਰਾਂਗੀ, ਮੇਰੇ ਜ਼ਿਮੇਂ ਵੀ ਕੋਈ ਕੰਮ ਏਂ–

ਤਾਈ : ਧੀਏ ਇਹ ਕੰਮ ਦਸਿਆਂ ਥੋੜੇ ਦੱਸੇ ਜਾਂਦੇ ਨੇ–ਜਿਉਂ ਜਿਉਂ ਲਹਿਰ ਅਗੇ ਜਾਏਗੀ ਤੇਰੇ ਲਈ ਵੀ ਕੰਮ ਨਿਕਲ ਜਾਏਗਾ–ਵੇ ਕੁੰਦਨ ਸਿਆਂ ਕੀ ਇਹ ਠੀਕ ਏ ਕਿ ਬਬਰਾਂ ਨੇ ਸਾਰੇ ਝੋਲੀ ਝੁਕਾਂ ਨੂੰ ਸੋਧਣ ਦਾ ਪ੍ਰੋਗਰਾਮ ਬਣਾ ਲਿਆ ਏ–

ਕੁੰਦਨ : ਤਾਈ ਮੈਂ ਹਾਲੇ ਕਿਵੇਂ ਕਹਿ ਸਕਦਾ ਹਾਂ–ਪਰ ਇਕ ਗੱਲ ਏ ਕਿ ਬਬਰਾਂ ਨੇ ਇਹ ਫ਼ੈਸਲਾ ਕਰ ਲਿਆ ਏ ਕਿ ਫਰੰਗੀ ਦੇ ਰਾਜ ਦੀਆਂ ਜੜ੍ਹਾਂ ਉਖਾੜਨ ਲਈ ਇਹ ਜ਼ਰੂਰੀ ਏ ਕਿ ਉਨ੍ਹਾਂ ਦੇ ਝੋਲੀ ਚੁਕਾਂ ਦਾ ਪਹਿਲੇ ਨਬੇੜਾ ਕੀਤਾ ਜਾਏ–

ਤਾਈ : ਤੇ ਇਸੇ ਲਈ ਸਰਕਾਰ ਨੇ ਇਹਨਾਂ ਲਈ ਲਾਲਚ ਵੀ ਬੜਾ ਵਧਾ ਦਿੱਤਾ ਏ–ਨਕਦ ਇਨਾਮ ਅਤੇ ਨਾਲ ਨਾਲ ਮੁਰੱਬੇ–

ਕੁੰਦਨ : ਮੁਰੱਬੇ ਤਾਂ ਤਾਈ ਇਹਨਾਂ ਨੂੰ ਇਹੋ ਇਹੋ ਜਿਹੇ ਮਿਲਣੇ ਨੇ ਕਿ ਪੁਸ਼ਤਾਂ ਤਕ ਯਾਦ ਕਰਨਗੇ–ਪਰ ਇਹ ਦੱਸ ਤਾਈ ਤੂੰ ਆਈ ਕਿਧਰ ਸੀ ?

ਤਾਈ : ਲੈ ਮੈਂ ਤਾਂ ਆਈ ਸਾਂ ਤੇਰੇ ਕੋਲ ਤੇਰੇ ਹਾਣੀ ਆਪਣੇ ਪੁੱਤ ਮਾਸਟਰ ਦੀ ਗੱਲ ਕਰਨ–ਤੇਰੀ ਇਹ ਜਿਹੜੀ ਨਿੱਕੀ ਭਰਜਾਈ ਮਾਸਟਰਨੀ ਏਂ ਨਾ–ਕੋਈ ਨਾ ਕੋਈ ਸਿਆਪਾ ਖੜਿਆਂ ਹੀ ਰੱਖੂ–ਵੇ ਕੁੰਦਨ ਸਿਆਂ ਮਾਸਟਰ ਪੁੱਤ ਤਾਂ ਭਾਵੇਂ ਮੇਰਾ ਹੀ ਏ, ਪਰ ਹੈ ਵਹੁਟੀ ਦਾ ਪੂਰੇ ਦਾ ਪੂਰਾ ਗੋਲਾ–

ਕੁੰਦਨ : ਨਾ ਤਾਈ ਮਾਸਟਰ ਵੱਖ ਹੋਣ ਨੂੰ ਕਹਿੰਦਾ ਹੋਣਾ ਏ–

ਕੁੰਦਨ : ਹਾਲੇ ਤਾਂ ਨਹੀਂ ਆਖਿਆ ਪਰ 'ਕੱਠੇ ਰਹਿਣ ਵਾਲਾ ਵੀ ਕੋਈ ਹੱਜ ਨਹੀਂ–ਅੱਜ ਸਵੇਰੇ ਤੇਰੀ ਭਰਜਾਈ ਨੇ ਇਸ ਗੱਲ ਦਾ ਰੌਲਾ ਪਾ

ਦਿੱਤਾ ਕਿ ਉਹਦਾ ਸਾਬਨ ਤੇਲ ਦੂਜਿਆਂ ਨੇ ਕਿਉਂ ਵਰਤਿਆ... ਉਹਨੂੰ ਤੂਤ ਭੀਤੀ ਜਹੀ ਨੂੰ ਭਲਾ ਕੋਈ ਬੰਦਾ ਪੁਛੇ, ਉਹ ਕੋਈ ਦੂਜਿਆਂ ਨਾਲੋਂ ਅਲੋਕਾਰ ਤਾਂ ਨਹੀਂ ਜੋ ਉਹਦਾ ਸਾਬਨ ਤੇਲ ਘਰ ਦਾ ਹੋਰ ਕੋਈ ਜੀਅ ਨਹੀਂ ਵਰਤ ਸਕਦਾ–

ਕੁੰਦਨ : ਅੱਛਾ ਤਾਈ ਇਹੋ ਜਿਹਾ ਵਖਰੇਵਾਂ ਕਰਨ ਲੱਗ ਪਈ ਏ–

ਤਾਈ : ਮੈਂ ਤਾਂ ਪੁੱਤਾ ਇਹਦੇ ਲੱਛਣ ਮੁਕਲਾਵੇ 'ਤੇ ਈ ਵੇਖ ਲਏ ਸੀ ਭਈ ਇਹ ਜ਼ਰੂਰ ਸਾਡੇ ਘਰ 'ਚ ਨਵੀਂ ਰੀਤ ਤੋਰੂ–ਆਹ ਹੁਣ ਚਮੜੇ ਜਹੇ ਦੀਆਂ ਦੋ ਟਰੰਕੀਆਂ ਤਾਂ ਕਿਧਰੋ ਲੈ ਆਈ ਆ–ਪਰਮਾਰ ਉਹਨਾਂ ਨੂੰ ਕਦੀ ਕਿਸੇ ਅਲਮਾਰੀ 'ਚ ਵਾੜਦੀ ਫਿਰਦੀ ਆ ਤੇ ਕਦੀ ਕਿਸੇ 'ਚ–ਆਖਦੀ ਮੇਰੀ ਮਸ਼ੀਨ ਖਰਾਬ ਹੋ ਜਾਊ–ਕਦੀ ਆਖਦੀ ਮੇਰੀਆਂ ਕੁਰਸੀਆਂ ਨਿਆਣਿਆਂ ਤੋੜ ਘਤੀਆਂ–ਹੁਣ ਇਹਨੂੰ ਕੋਈ ਬੰਦਾ ਪੁਛੇ ਕਿ ਇਹਦੀਆਂ ਉਹ ਕੁਰਸੀਆਂ ਬਦਲੇ ਅਸੀਂ ਹੁਣ ਜਵਾਕ ਬੋਹੜੇ ਘਰੋਂ ਕੱਢ ਦੇਣੇ ਆਂ–ਉਹੋ ਜਿਹਾ ਆਪਣਾ ਰਾਜੂ ਮਾਸਟਰ ਝੁੱਡੂ ਵਾ, ਜੋ ਸਭ ਕੁਝ ਵਿਹੰਦਾ ਹੋਇਆ ਵੀ ਉਹਦੇ ਸਾਹਮਣੇ ਮੂਰਾ ਬਣ ਕੇ ਬਹਿ ਰਹਿੰਦਾ–

ਕੁੰਦਨ : ਤਾਈ ਮੈਨੂੰ ਪਤਾ ਏ ਕਦੀ ਮੂੰਹ ਜੋਰ ਜਨਾਨੀਆਂ ਬੰਦੇ ਦੀ ਕੋਈ ਪੇਸ਼ ਜਾਣ ਦੇਂਦੀਆਂ ? ਨਾ ਤੂੰ ਦੱਸ ਖਾਂ ਸਾਡਾ ਤਾਇਆ ਤੇਰੀ ਕੋਈ ਗੱਲ ਮੋੜਦਾ ਸੀ ?

ਤਾਈ : ਮੋੜੇ ਤਾਂ ਕੁੰਦਨ ਸਿਆਂ ਕੋਈ, ਜੇ ਮੈਂ ਕੋਈ ਮਾੜੀਆਂ ਆਖਾਂ–ਦੁੱਖ ਹੋਵੇ, ਸੁੱਖ ਹੋਵੇ ਤਾਏ ਤੇਰੇ ਨਾਲ ਮੋਢੇ ਨਾਲ ਮੋਢਾ ਡਾਹੁੰਦੀ ਸਾਂ–ਪਰ ਤੇਰੀ ਭਰਜਾਈ ਨੇ ਮੋਢੇ ਨਾਲ ਮੋਢਾ ਕੀ ਡਾਹੁਣਾ ਏ, ਸਗੋਂ ਭਰਾ ਤੇਰੇ ਦਾ ਵੀ ਮੋਢਾ ਖਿੱਚਦੀ ਏ–ਤੇ ਉਹ ਰੋਂਦਾ ਕਰਤੂਤ ਨੂੰ ਅੱਜ ਉਸ ਚਰਮਖ ਜਹੀ ਦੇ ਪਿੱਛੇ ਲੱਗ ਕੇ ਘਰ ਦਾ ਨਾਂ ਕੱਢਣ ਡਿਆ ਹੋਇਆ–

ਕੁੰਦਨ : ਪਰ ਤਾਈ ਇਹਦੇ 'ਚ ਮਾਸਟਰ ਵਿਚਾਰੇ ਦਾ ਕੀ ਕਸੂਰ ਆ–ਉਹ ਦਾ ਤਾਂ ਸੱਪ ਦੇ ਮੂੰਹ ਕੋਹੜ ਕਿਰਲੀ ਵਾਲਾ ਹਿਸਾਬ ਵਾ–ਜੇ ਛਡੇ ਤਾਂ ਅੰਨ੍ਹਾ–ਜੇ ਖਾਏ ਤਾਂ ਕੋਹੜੀ–

ਤਾਈ : ਬਈ ਪੜ੍ਹਿਆ ਲਿਖਿਆ ਏਂ–ਕੁਝ ਆਪਦੀ ਅਕਲ ਵਰਤੇ–ਹੁਣ ਜਾਣਦਾ ਏਂ ਤੇਰੇ ਤਾਏ ਦੀ ਮੁਖਬਰੀ ਜ਼ੈਲਦਾਰ ਨੇ ਕੀਤੀ–ਪਰ ਉਸੇ ਜ਼ੈਲਦਾਰ ਦੇ ਪੁੱਤ ਨਾਲ ਉਹਦੀ ਯਾਰੀ ਏ–ਕਿਉਂਕਿ ਜ਼ੈਲਦਾਰ ਨੇ ਉਹਦੀ ਨੌਕਰੀ ਲਵਾ ਦਿੱਤੀ–ਹੁਣ ਸਗੋਂ ਸਾਨੂੰ ਝੂਠਿਆਂ ਕਰਦਾ ਏ ਕਿ ਬਾਪੂ ਤੇ ਆਪ ਪੁਲਿਸ ਦੇ ਕਾਬੂ ਆ ਗਿਆ–ਜ਼ੈਲਦਾਰ ਦਾ

ਕਿਹੜਾ ਕਸੂਰ ਏ–ਤੇ ਇਹ ਸਾਰਾ ਕੁਝ ਤੇਰੀ ਭਰਜਾਈ ਦੇ ਸਿਖੇ ਸਿਖਾਏ ਕਹਿੰਦਾ ਏ–ਪੁੱਤਰਾ ਬੱਬਰਾਂ ਨੂੰ ਕਹੀ ਇਸ ਜ਼ੈਲਦਾਰ ਦਾ ਕੰਡਾ ਕੱਢਣ ਤਾਹੀਓਂ ਮੇਰੇ ਕਾਲਜੇ ਠੰਡ ਪਊ–

ਕੁੰਦਨ : ਅੱਛਾ ਤਾਈ–

ਤਾਈ : ਤੇ ਧੀਏ ਤੂੰ ਦਿਲ ਹੌਲਾ ਨਾ ਕਰੀਂ–ਇਹ ਵੀ ਕੰਮ ਤਾਂ ਕਿਸੇ ਨੇ ਕਰਨੇ ਹੀ ਹੋਏ–ਜੇ ਸਾਰੇ ਮਾਸਟਰ ਰਾਜੂ ਬਣ ਜਾਣ ਤਾਂ ਦੁਨੀਆਂ ਸੁੰਞੀ ਹੋ ਜਾਵੇ–

ਰਤਨੀ : ਤਾਈ ਜੀ, ਇਹਨੂੰ ਵੀ ਕਹਿ ਦੇਵੋ ਕਿ ਮੇਰੇ ਕੋਲੋਂ ਕੋਈ ਗੱਲ ਛੁਪਾਵੇ ਨਾ–ਜੇ ਇਸ ਧਰਤੀ ਦੇ ਪੁੱਤਾਂ ਨੇ ਸੂਰਮਾਗਤੀ ਦੀਆਂ ਰਵਾਇਤਾਂ ਪਾਈਆਂ ਨੇ ਤਾਂ ਇਤਿਹਾਸ ਵਿਚ ਇਸ ਧਰਤੀ ਦੀਆਂ ਧੀਆਂ ਵੀ ਕਿਸੇ ਨਾਲੋਂ ਪਿਛੇ ਨਹੀਂ ਰਹੀਆਂ–

ਤਾਈ : ਨਾ ਹੁਣ ਜਵਾਬ ਦੇ ਪੁੱਤ–

ਕੁੰਦਨ : ਜਵਾਬ ਦੇਣ ਜੋਗਿਆ ਛਡਿਆ ਹੀ ਨਹੀਂ ਤੇਰੀ ਨੂੰਹ ਨੇ–

ਤਾਏਂ : ਆਹੋ ਇਹ ਤਾਂ ਠੀਕ ਏ ਪੁੱਤਰਾ, ਜੇ ਸਾਰੇ ਮਰਦ ਮਾਸਟਰ ਰਾਜੂ ਨਹੀਂ ਤਾਂ ਸਾਰੀਆਂ ਤੀਵੀਆਂ ਵੀ ਤੇਰੀ ਭਰਜਾਈ ਵਰਗੀਆਂ ਨਹੀਂ– ਲੈ ਰੂਹ ਨੂੰ ਤਸਕੀਨ ਮਿਲ ਗਈ ਤੁਹਾਡੇ ਕੋਲ ਆ ਕੇ–

ਰਤਨੀ : ਸਾਨੂੰ ਵੀ ਤਾਈ ਜੀ, ਤੁਹਾਡਾ ਹੀ ਆਸਰਾ ਏ–

ਤਾਈ : (ਜਾਂਦੀ ਹੋਈ) ਪੁੱਤਾ ਜ਼ੈਲਦਾਰ ਵਾਲੀ ਗੱਲ ਨਾ ਭੁਲੀਂ–ਇਹ ਜ਼ੈਲਦਾਰ ਦੀ ਹਵੇਲੀ ਮੇਰੀਆਂ ਅੱਖਾਂ ਵਿਚ ਰੜਕਦੀ ਆ– (ਜਾਂਦੀ ਹੈ)

ਕੁੰਦਨ : (ਆਪਣੇ ਆਪ ਵਿਚ) ਤਾਈ ਜੇ ਇਹ ਤੇਰੀਆਂ ਅੱਖਾਂ ਵਿਚ ਰੜਕਦੀ ਏ ਤਾਂ ਸਾਡੀਆਂ ਅੱਖਾਂ ਵਿਚ ਵੀ ਰੜਕਦੀ ਏ।

*(ਫੇਡ ਆਊਟ)*

## (ਸੀਨ ਦੂਸਰਾ)

(ਇਕ ਥਾਣਾ, ਦੁਰਗਾਦਾਸ ਤੇ ਜ਼ੈਲਦਾਰ ਸਟੇਜ 'ਤੇ ਆਉਂਦੇ ਹਨ।)

ਜ਼ੈਲਦਾਰ : ਜਨਾਬ ਕਿਸ ਤਰ੍ਹਾਂ ਯਾਦ ਕੀਤੈ ?

ਦੁਰਗਾਦਾਸ : ਜ਼ੈਲਦਾਰ ਜੀ, ਤੁਹਾਡੇ ਨਾਲ ਬਹੁਤ ਜ਼ਰੂਰੀ ਕੰਮ ਏ–

ਜ਼ੈਲਦਾਰ : ਹੁਕਮ ਕਰੋ–ਗੋਲੀ ਕੀਹਦੀ ਤੇ ਗਹਿਣੇ ਕੀਹਦੇ ?

ਦੁਰਗਾਦਾਸ : ਤੁਹਾਨੂੰ ਪਤਾ ਏ ਇਲਾਕੇ ਵਿਚ ਬੱਬਰ ਲਹਿਰ ਬਹੁਤ ਫੈਲ ਗਈ ਏ–

ਜ਼ੈਲਦਾਰ : ਉਹ ਤੇ ਫੈਲ ਗਈ ਏ ਜੀ–ਕੋਈ ਦਿਨ ਨਹੀਂ ਗੁਜ਼ਰਦਾ ਜਦੋਂ ਬੱਬਰ ਕਿਸੇ ਨਾ ਕਿਸੇ ਥਾਂ ਜਲਸਾ ਕਰਕੇ ਲੋਕਾਂ ਨੂੰ ਅੰਗਰੇਜ਼ ਰਾਜ ਖਤਮ

ਕਰਨ ਲਈ ਭੜਕਾਉਂਦੇ ਨਾ ਹੋਣ–

ਦੁਰਗਾਦਾਸ : ਉਸ ਤੋਂ ਇਲਾਵਾ ਸਾਨੂੰ ਸੂਹ ਮਿਲੀ ਹੈ ਕਿ ਉਹਨਾਂ ਨੇ ਅੰਗਰੇਜ਼ਾਂ ਦੇ ਵਫ਼ਾਦਾਰ ਲੋਕਾਂ ਦੇ ਕਤਲ ਦਾ ਵੀ ਪ੍ਰੋਗਰਾਮ ਬਣਾਇਆ ਹੈ–

ਜ਼ੈਲਦਾਰ : ਹਾਂ ਜੀ ਇਹ ਵੀ ਪਤਾ ਲਗਿਆ ਹੈ–

ਦੁਰਗਾਦਾਸ : ਪਰ ਤੁਹਾਨੂੰ ਕਿਸ ਤਰ੍ਹਾਂ ਪਤਾ ਲੱਗਾ ਏ ?

ਜ਼ੈਲਦਾਰ : ਹਰ ਗੱਲ ਦੀ ਖ਼ਬਰ ਰੱਖਣੀ ਸਾਡਾ ਵੀ ਪੇਸ਼ਾ ਏ–

ਦੁਰਗਾਦਾਸ : ਅੰਗਰੇਜ਼ ਕਪਤਾਨ ਬੜਾ ਪਰੇਸ਼ਾਨ ਹੈ–

ਜ਼ੈਲਦਾਰ : ਪਰੇਸ਼ਾਨ ਤਾਂ ਹੋਣਾ ਹੋਇਆ ਜਨਾਬ ਏਡੀ ਵੱਡੀ ਸਲਤਨਤ ਜਿਥੇ ਸੂਰਜ ਨਾ ਡੁੱਬਦਾ ਹੋਵੇ, ਉਸਨੂੰ ਕੁਝ ਉਂਕਲਾਂ 'ਤੇ ਗਿਣੇ ਜਾਣ ਵਾਲੇ ਲੋਕ ਟਿੱਚ ਸਮਝਣ, ਪਰੇਸ਼ਾਨੀ ਤਾਂ ਹੋਣੀ ਹੋਈ–

ਦੁਰਗਾਦਾਸ : ਹੈ ਤੇ ਉਹ ਉਂਗਲਾਂ ਤੇ ਗਿਣੇ ਜਾਣ ਵਾਲੇ ਲੋਕ–ਪਰ ਉਹਨਾਂ ਨੇ ਸਾਰੇ ਇਲਾਕੇ ਨੂੰ ਵਖਤ ਪਾ ਦਿੱਤਾ ਏ–ਸਾਡੀ ਪੁਲਿਸ ਉਹਨਾਂ ਨੂੰ ਫੜਨ ਵਿਚ ਬੁਰੀ ਤਰ੍ਹਾਂ ਫੇਲ੍ਹ ਹੋ ਗਈ ਏ–

ਜ਼ੈਲਦਾਰ : ਇਕ ਗੱਲ ਕਵਾਂ, ਬੁਰਾਂ ਤਾਂ ਨਹੀਂ ਮੰਨੋਗੇ ਜਨਾਬ ?

ਦੁਰਗਾਦਾਸ : ਬੁਰਾ ਕਿਉਂ ਮੰਨਾਂਗਾ ?

ਜ਼ੈਲਦਾਰ : ਤੁਹਾਡੇ ਬੰਦੇ ਅਸਲ ਵਿਚ ਉਹਨਾਂ ਨੂੰ ਫੜਨਾ ਚਾਹੁੰਦੇ ਹੀ ਨਹੀਂ–ਨਹੀਂ ਤਾਂ ਇਹ ਵੀ ਕੋਈ ਗੱਲ ਏ ਉਹ ਸ਼ਰੇਆਮ ਜਲਸੇ ਕਰਨ ਤੇ ਕਾਬੂ ਨਾ ਆਉਣ–

ਦੁਰਗਾਦਾਸ : ਪਰ ਜਦੋਂ ਤੱਕ ਸਾਨੂੰ ਇਤਲਾਹ ਹੁੰਦੀ ਹੈ ਉਹ ਅਗੇ ਨਿਕਲ ਗਏ ਹੁੰਦੇ ਨੇ–

ਜ਼ੈਲਦਾਰ : ਤੁਹਾਨੂੰ ਇਤਲਾਹ ਹੁੰਦੀ ਕਿਥੇ ਏ ?

ਦੁਰਗਾਦਾਸ : ਕੀ ਮਤਲਬ ?

ਜ਼ੈਲਦਾਰ : ਤੁਹਾਡੀ ਇਤਲਾਹ ਸਿਰਫ਼ ਇਤਲਾਹ ਲਈ ਹੀ ਹੁੰਦੀ ਏ ਸਿਰਫ ਖਾਨਾ ਪੂਰਤੀ ਲਈ ਕੀਤੀ ਜਾਂਦੀ ਏ–ਉਸ ਇਤਲਾਹ ਦਾ ਕੀ ਮਤਲਬ ਜਦੋਂ ਸ਼ਿਕਾਰ ਹੱਥੋਂ ਨਿਕਲ ਗਿਆ ਹੋਵੇ, ਇਹ ਕੰਮ ਤੁਸੀਂ ਸਾਡੇ ਉੱਤੇ ਛੱਡੋ–ਨਾ ਦੋ ਦਿਨਾਂ ਵਿਚ ਜਥੇਦਾਰ ਵੜਿੰਗ ਨੂੰ ਫੜਾ ਦੇਈਏ–

ਦੁਰਗਾਦਾਸ : ਇਸੇ ਲਈ ਤਾਂ ਜ਼ੈਲਦਾਰ ਜੀ ਤੁਹਾਨੂੰ ਬੁਲਾਇਆ ਏ–ਤੁਹਾਡਾ ਤਿੰਨਾਂ ਪੀੜ੍ਹੀਆਂ ਤੋਂ ਰਿਕਾਰਡ ਏ ਕਿ ਤੁਸੀਂ ਅੰਗਰੇਜ਼ ਦੇ ਵਫ਼ਾਦਾਰ ਖਾਨਦਾਨ ਵਿਚੋਂ ਹੋ–ਗ਼ਦਰੀ ਬਾਬਿਆਂ ਵੇਲੇ ਤੁਹਾਡੀ ਇਤਲਾਹ ਨੇ ਕਈ ਖ਼ਤਰਨਾਕ ਗ਼ਦਰੀਆਂ ਨੂੰ ਪਕੜਾਉਣ ਵਿਚ ਮਦਦ ਕੀਤੀ–

ਜ਼ੈਲਦਾਰ : ਇਸ ਵਿਚ ਕੀ ਸ਼ੱਕ ਏ–ਵੈਸੇ ਸਰਕਾਰ ਨੇ ਵੀ ਸਾਡਾ ਪੂਰਾ ਖਿਆਲ ਰੱਖਿਆ, ਮੁਰੱਬੇ–ਜਗੀਰਾਂ ਸਾਡੇ ਨਾਂ ਕਰਨ ਵੇਲੇ ਘੱਟ ਨਹੀਂ ਕੀਤੀ–

ਦੁਰਗਾਦਾਸ : ਹੁਣ ਵੀ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡੀ ਮਦਦ ਕਰੋ ਇਸ ਦਫਾ ਇਨਾਮ ਇਸ ਤੋਂ ਵੀ ਵੱਧ ਨੇ–

ਜ਼ੈਲਦਾਰ : ਜਨਾਬ ਸਾਡਾ ਤਾਂ ਫ਼ਰਜ਼ ਏ ਕਿ ਸਰਕਾਰ ਦੀ ਪੂਰੀ ਖਿਦਮਤ ਕਰੀਏ–

ਦੁਰਗਾਦਾਸ : ਸਰਕਾਰ ਤੁਹਾਡੀ ਖਿਦਮਤ ਦਾ ਪੂਰਾ ਖਿਆਲ ਰਖਦੀ ਏ–ਪਰ ਇਹ ਕੰਮ ਧਿਆਨ ਨਾਲ ਕਰਨ ਵਾਲਾ ਏ–ਬੱਬਰ ਕਾਫੀ ਜ਼ਹਿਰੀ ਸੱਪ ਨੇ–

ਜ਼ੈਲਦਾਰ : ਤੁਸੀਂ ਜਨਾਬ, ਫਿਕਰ ਹੀ ਨਾ ਕਰੋ–

ਦੁਰਗਾਦਾਸ : ਜੇ ਬੱਬਰਾਂ ਨੂੰ ਪਤਾ ਲਗ ਗਿਆ ਤਾਂ ਜਾਨ ਦਾ ਵੀ ਖਤਰਾ ਏ–

ਜ਼ੈਲਦਾਰ : ਅਸੀਂ ਖ਼ਤਰਨਾਕ ਖੇਡਾਂ ਹੀ ਖੇਡਦੇ ਹਾਂ–ਖਤਰੇ ਵਡੇ ਹੋਣਗੇ ਤਾਂ ਇਨਾਮ ਵੀ ਵੱਡੇ–

ਦੁਰਗਾਦਾਸ : ਇਸ ਵਿਚ ਕੀ ਸ਼ੱਕ ਏ–

ਜ਼ੈਲਦਾਰ : ਤੁਸੀਂ ਹੁਕਮ ਕਰੋ ਕਿ ਦਾਸ ਦੇ ਜ਼ੁੰਮੇ ਕੀ ਕੰਮ ਏ ?

ਦੁਰਗਾਦਾਸ : ਬਸ ਤੁਹਾਡਾ ਏਨਾਂ ਹੀ ਕੰਮ ਏ ਕਿ ਬੱਬਰਾਂ ਦੇ ਖੁਫੀਆ ਟਿਕਾਣਿਆਂ ਦਾ ਪਤਾ ਲਗਾਓ ਤਾਂ ਜੋ ਰਾਤੋ ਬਰਾਤੇ ਛਾਪਾ ਮਾਰਿਆ ਜਾ ਸਕੇ–ਲੋਕਾਂ ਦੇ ਸਾਹਮਣੇ ਉਹਨਾਂ ਨੂੰ ਗ੍ਰਿਫ਼ਤਾਰ ਕਰਨਾ ਸੌਖਾ ਨਹੀਂ–

ਜ਼ੈਲਦਾਰ : ਓ ਜੀ, ਇਹ ਤਾਂ ਗੱਲ ਹੀ ਕੋਈ ਨਹੀਂ–ਬਾਕੀ ਦਾਸ ਦਾ ਤੁਸੀਂ ਖਿਆਲ ਰਖਣਾ–ਦਾਸ ਆਪ ਦਾ ਵਫ਼ਾਦਾਰ, ਫਰਮਾ ਬਰਦਰ ਖਿਦਮਤਗਾਰ ਬੰਦਾ ਏ–

ਦੁਰਗਾਦਾਸ : ਜ਼ੈਲਦਾਰ ਜੀ ਅਸੀਂ ਆਪ ਦਾ ਪੂਰਾ ਖਿਆਲ ਰੱਖਾਂਗੇ, ਇਸ ਵਿਚ ਸਾਡੀ ਤੁਹਾਡੀ ਦੋਨਾਂ ਦੀ ਇੱਜ਼ਤ ਦਾ ਸਵਾਲ ਏ–ਬਸ ਸਾਡਾ ਕੰਮ ਹੁਸ਼ਿਆਰੀ ਨਾਲ ਹੋ ਜਾਏ–

ਜ਼ੈਲਦਾਰ : ਲਓ ਜੀ ਤੁਹਾਡਾ ਤੇ ਸਾਡਾ ਕੰਮ ਕੋਈ ਦੋ ਕੰਮ ਨੇ–ਤੁਹਾਡਾ ਕੰਮ ਸਾਡਾ ਕੰਮ, ਸਾਡਾ ਕੰਮ ਤੁਹਾਡਾ ਕੰਮ–(ਉਠਦੇ ਹੋਏ) ਕੀ ਹੁਣ ਇਜ਼ਾਜਤ ਏ–

ਦੁਰਗਾਦਾਸ : ਹਾਂ ਜ਼ਰੂਰ–

*(ਫੇਡ ਆਊਟ)*

## (ਸੀਨ ਤੀਸਰਾ)

(ਜ਼ੈਲਦਾਰ ਪਿੰਡ ਦੇ ਰਸਤੇ ਆਪਣੇ ਆਪ ਗੱਲਾਂ ਕਰਦਾ ਜਾਂਦਾ ਹੈ)

ਜ਼ੈਲਦਾਰ : ਮੈਂ ਹਾਂ ਰਾਈਪੁਰ ਦਾ ਜ਼ੈਲਦਾਰ, ਇਲਾਕੇ ਦਾ ਹਾਂ ਇਜ਼ਤਦਾਰ ਅੰਗਰੇਜ਼ ਦਾ ਵਫ਼ਾਦਾਰ–
ਹਰ ਗੱਲ ਦੀ ਮੈਂ ਸੂਹ ਹਾਂ ਰੱਖਦਾ–ਸਰਕਾਰ ਹੈ ਚਲਦੀ ਮੇਰੇ ਦਮ
ਮੁਰੱਬੇ ਜਗੀਰਾਂ ਦਾ ਹਾਂ ਮਾਲਕ–ਸਰਕਾਰ ਦਹਾਂ ਮੈਂ ਵੱਡਾ ਥੰਮ
ਚਿੱਟੀ ਪਗੜੀ ਸਿਰ 'ਤੇ ਰਖਦਾ–ਟਾਊਟੀ ਕਰਨੀ ਮੇਰਾ ਕੰਮ
ਝੋਲੀ ਚੁੱਕੀ ਹੈ ਮੇਰਾ ਪੇਸ਼ਾ–ਲੋਕੀ ਆਖਣ ਮੈਨੂੰ ਜੰਮ–ਮੈਨੂੰ ਨਹੀਂ ਪਰ ਇਸਦਾ ਗੰਮ–ਮੈਨੂੰ ਪਿਆਰਾ ਆਪਣਾ ਕੰਮ–
ਕੁਝ ਭੂਤਰੇ ਬੱਬਰ ਅਕਾਲੀ–ਐਵੇਂ ਰੌਲਾ ਪਾ ਰਹੇ ਨੇ
ਅਖੇ ਮਾਰਨੇ ਸਾਰੇ ਝੋਲੀ ਚੁੱਕ–ਤੂਫਾਨ ਵਾਧੂ ਦਾ ਉਠਾ ਰਹੇ ਨੇ–
ਇਹ ਨਾਂ ਜਾਣਨ ਗਰੇਜ਼ ਦੀ ਤਾਕਤ–ਮੱਥਾ ਕੰਧਾਂ ਨਾਲ ਲਗਾ ਰਹੇ ਨੇ
ਹੋ ਕੇ ਜਾਤ ਦੀ ਕੋਹੜ ਕਿਰਤੀ–ਜੱਫੇ ਸ਼ਤੀਰਾਂ ਨੂੰ ਪਾ ਰਹੇ ਨੇ–
ਜਿਸਨੇ ਸਾਡੀ ਭੰਡੀ ਕੀਤੀ–ਪਿਛੋਂ ਤਾਂ ਪਛਤਾਇਆ ਉਹ–
ਜਿਹੜਾ ਮਾਰੇ ਜ਼ੈਲਦਾਰ ਨੂੰ–ਅੱਜੇ ਨਹੀਂ ਮਾਂ ਨੇ ਜਾਇਆ ਉਹ

*(ਆਕੜ ਕੇ ਤੁਰ ਰਿਹਾ ਹੈ–ਜਦੋਂ ਬੱਬਰ ਆਉਂਦੇ ਹਨ)*

ਜ਼ੈਲਦਾਰ : ਕੌਣ ਏ ਬਈ ਸਰਦਾਰਾ–

ਬੱਬਰ : ਤੇਰੇ ਪਿਉ ਨੇ ਜ਼ੈਲਦਾਰਾ–

ਜ਼ੈਲਦਾਰ : ਕੀ ਚਾਹੁੰਦੇ ਹੋ ਸਰਦਾਰਾ–

ਬੱਬਰ : ਪੁੱਤ ਲਈ ਇਨਾਮ ਲਿਆਏ ਹਾਂ, ਜਗੀਰਾਂ ਦੇ ਅਸ਼ਟਾਮ ਲਿਆਏ ਹਾਂ, ਤਮਗੇ ਖ਼ਾਸਉਲ ਆਮ ਲਿਆਏ ਹਾਂ–ਜ਼ੈਲਦਾਰਾ ਤੇਰੀ ਮੌਤ ਦਾ ਪੈਗ਼ਾਮ ਲਿਆਏ ਹਾਂ–

ਜ਼ੈਲਦਾਰ : ਕੁਝ ਹੋਸ਼ ਕਰੋ ਸਰਦਾਰਾ–ਨਹੀਂ ਮਜ਼ਾਕ ਮੈਨੂੰ ਇਹ ਭਾਉਂਦੇ ਨੇ–

ਬੱਬਰ : ਹੋਕੇ ਰਹਿੰਦੇ ਕੰਮੋ ਸਮੇਂ ਨੂੰ ਭਾਉਂਦੇ ਨੇ–ਜ਼ੈਲਦਾਰ ਸੰਭਲ ਹੁਣ ਬੱਬਰ ਅਕਾਲੀ ਆਉਂਦੇ ਨੇ–

ਜ਼ੈਲਦਾਰ : ਬੱਬਰ ਅਕਾਲੀ ?

ਬੱਬਰ : ਹਾਂ–ਹਾਂ ਬੱਬਰ ਅਕਾਲੀ–ਜਿਨ੍ਹਾਂ ਦੀ ਮੌਤ ਨਾਲ ਭਿਆਲੀ–ਕਰਨਾ ਹਿੰਦ ਗੋਰੇ ਤੋਂ ਖ਼ਾਲੀ–ਜਿਨ੍ਹਾਂ ਨੇ ਸੌਂਹ ਇਹ ਚੁਕਾਲੀ, ਝੋਲੀ ਚੁੱਕ ਪਾਰ ਬੁਲਾਉਂਦੇ ਨੇ, ਜ਼ੈਲਦਾਰ ਸੰਭਲ ਹੁਣ ਬੱਬਰ ਅਕਾਲੀ ਆਉਂਦੇ ਨੇ–

ਜ਼ੈਲਦਾਰ : ਬਖਸ਼ੋ ਮੇਰੀ ਜਾਨ–ਮੈਂ ਭੋਲਾ ਭਾਲਾ ਇਨਸਾਨ–ਸੇਵਾ ਕਰਨੀ ਮੇਰਾ ਇਮਾਨ–ਕੀ ਸੇਵਾ ਦਾ ਇਹ ਇਨਾਮ–

ਬੱਬਰ : ਕਰੇ ਜਿਹੋ ਜਹੀ ਕੋਈ ਸੇਵਾ, ਮੇਵਾ ਉਹੋ ਜਿਹਾ ਝੋਲੀ ਪਾਉਂਦੇ ਨੇ– ਜ਼ੈਲਦਾਰ ਸੰਭਲ ਹੁਣ ਬੱਬਰ ਅਕਾਲੀ ਆਉਂਦੇ ਨੇ–

ਜ਼ੈਲਦਾਰ : ਡਿੱਗਦਾ ਹੈ–

*(ਪਿਛੋਂ ਅਵਾਜ਼ਾਂ ਆਉਂਦੀਆਂ ਹਨ ਜ਼ੈਲਦਾਰ ਜੀ ਮੁਰੱਬੇ ਮਿਲਣਗੇ, ਜਗੀਰਾਂ ਮਿਲਣਗੀਆਂ)*

ਜ਼ੈਲਦਾਰ : ਹਾਂ ਮੈਨੂੰ ਮੁਰੱਬੇ ਮਿਲਣੇ ਹੀ ਚਾਹੀਦੇ ਨੇ, ਮੈਂ ਅੰਗਰੇਜ਼ ਸਰਕਾਰ ਨਾਲ ਵਫਾਦਾਰੀ ਕੀਤੀ ਹੈ–ਮੈਂ ਆਇਆ ਸਾਹਿਬ (ਇਹ ਕਹਿੰਦਾ ਡਿੱਗ ਪੈਂਦਾ ਹੈ)

*(ਉਸੇ ਥਾਂ ਤੇ ਸ਼ਾਹਣੀ, ਰਤਨੀ ਤੇ ਇਕ ਹੋਰ ਤੀਵੀ ਪਾਣੀ ਭਰਨ ਜਾ ਰਹੀਆਂ ਹਨ–ਜ਼ੈਲਦਾਰ ਦੀ ਲੋਥ ਵੇਖਕੇ ਦੂਰੋਂ ਹੀ)*

ਸ਼ਾਹਣੀ : (ਦੂਰੋਂ ਹੀ ਵੇਖਕੇ) ਹੈ ਨੀਂ ਇਹ ਕੌਣ ਮੂਧਾ ਪਿਆ ਏ–

ਰਤਨੀ : ਹੋਣਾ ਏ ਕੋਈ ਸ਼ਰਾਬੀ–ਬਹੁਤੀ ਪੀ ਲਈ ਸੂ–

ਸ਼ਾਹਣੀ : ਪੀਣ ਲਗਿਆਂ ਅੱਗਾ ਪਿੱਛਾ ਥੋੜਾ ਵੇਖਦੇ ਨੇ–

ਰਤਨੀ : ਚਲ ਦੇਖੀਏ ਤਾਂ ਸਹੀ ਕੌਣ ਏ ?

ਸ਼ਾਹਣੀ : ਸਾਨੂੰ ਕੀ ਲੋੜ ਏ ਨੇੜੇ ਜਾਣ ਦੀ–ਐਵੇਂ ਫਕੜ ਤੋਲ ਦੇਵੇਗਾ–

ਰਤਨੀ : ਇਹਨਾਂ ਸ਼ਰਾਬੀਆਂ ਦਾ ਕੀ ਪਤੈ ? ਬੋਲਣ ਲਗਿਆਂ ਅੱਗਾ ਪਿੱਛਾ ਥੋੜਾ ਵੇਖਦੇ ਨੇ–

ਸ਼ਾਹਣੀ : ਮੈਂ ਸੁਣਿਐ ਹਰ ਇਕ ਸ਼ਰਾਬੀ ਦੀ ਪੀਣ ਤੋਂ ਬਾਅਦ ਆਪਣੀ ਆਪਣੀ ਰੌਂ ਹੁੰਦੀ ਏ–

ਰਤਨੀ : ਆਹੋ ਕੋਈ ਗੌਣ ਲੱਗ ਪੈਂਦਾ ਏ–ਕੋਈ ਗਾਲ੍ਹਾਂ ਕੱਢਣ ਲੱਗ ਪੈਂਦਾ ਏ–ਕੋਈ ਹੋਰ ਨਹੀਂ ਆਪਣੇ ਆਪ ਨੂੰ ਚਪੇੜਾਂ ਮਾਰਨ ਲਗ ਜਾਂਦਾ ਏ–

ਸ਼ਾਹਣੀ : ਕਿਸੇ ਦੀ ਕੋਈ ਰੌਂ ਭਾਵੇਂ ਹੋਵੇ–ਪਰ ਇਕ ਰੌਂ ਸਾਰਿਆਂ ਦੀ ਸਾਂਝੀ ਏ ਕਿ ਪੀ ਕੇ ਸਾਰੇ ਹੀ ਤੀਵੀਆਂ ਨੂੰ ਕੁੱਟਦੇ ਨੇ–

ਰਤਨੀ : ਨੀਂ ਤੈਨੂੰ ਕਾਹਦਾ ਡਰ–ਸ਼ਾਹ ਤੈਨੂੰ ਤਾਂ ਨਹੀਂ ਕੁੱਟਦਾ ਹੋਣਾ–ਤੂੰ ਸਗੋਂ ਸ਼ਾਹ ਨੂੰ ਕੁੱਟ ਦੇਂਦੀ ਹੋਣੀ ਏਂ–

ਸ਼ਾਹਣੀ : ਨੀ ਸ਼ਾਹ ਨੂੰ ਏਡਾ ਭੋਲਾ ਨਾ ਸਮਝ–ਵਿਚੋਂ ਬਹੁਤ ਜ਼ਹਿਰੀ ਐ–

ਰਤਨੀ : ਨੀ ਵਿਚੋਂ ਤਾਂ ਸਾਰੇ ਮਰਦ ਹੀ ਜ਼ਹਿਰੀ ਹੁੰਦੇ ਨੇ–

*(ਕੋਲ ਜਾਂਦੀਆਂ ਹਨ)*

ਸ਼ਾਹਣੀ : ਪਰ ਵੇਖ ਨੀਂ–ਇਹ ਲਹੂ ਦੇ ਨਿਸ਼ਾਨ ਕਾਹਦੇ ਨੇ ?

ਰਤਨੀ : ਹੈਂ–

ਸ਼ਾਹਣੀ : ਇਹ ਤਾਂ ਕੋਈ ਮਾਰ ਕੇ ਸੁੱਟ ਗਿਆ ਏ–

ਰਤਨੀ : ਨੀ ਇਹ ਤਾਂ ਜ਼ੈਲਦਾਰ ਏ–

ਸ਼ਾਹਣੀ : ਜ਼ੈਲਦਾਰ ?

ਰਤਨੀ : ਬਿਲਕੁਲ ਠੰਡਾ ਹੋਇਆ ਪਿਆ ਏ–

ਸ਼ਾਹਣੀ : ਪਰ ਜ਼ੈਲਦਾਰ ਨੂੰ ਕੌਣ ਮਾਰ ਗਿਆ ?

ਰਤਨੀ : ਬੱਬਰਾਂ ਨੇ ਮਾਰਿਆ ਹੋਣਾ ਏ–ਹੋਰ ਕੌਣ ਮਾਰ ਸਕਦਾ ਏ ? ਚਲ ਇਕ ਜੂਠ ਪਿੰਡ ਵਿਚੋਂ ਮੁੱਕੀ–

ਸ਼ਾਹਣੀ : ਨੀ ਇੰਝ ਨਾ ਕਹਿ, ਟੱਬਰਦਾਰ ਬੰਦਾ ਸੀ ਟੱਬਰ ਵਿਚਾਰੇ ਦਾ ਉੱਜੜ ਜਾਏਗਾ–

ਰਤਨੀ : ਤੈਨੂੰ ਇਹਦੇ ਨਾਲ ਬੜੀ ਹਮਦਰਦੀ ਏ–ਪਰ ਇਹਨੇ ਮੁਖਬਰੀਆਂ ਕਰਕੇ ਜਿਹੜੇ ਟੱਬਰ ਦੇ ਟੱਬਰ ਉਜਾੜੇ ਉਦੋਂ ਏਹਨੂੰ ਨਹੀਂ ਪਤਾ ਸੀ–

ਸ਼ਾਹਣੀ : ਚਲ ਸਾਨੂੰ ਕੀ, ਜਿਹੋ ਜੀ ਕਿਸੇ ਨੇ ਕੀਤੀ ਉਹੋ ਜਹੀ ਭਰ ਲਈ–

ਰਤਨੀ : ਪਰ ਅਸੀਂ ਇਥੇ ਖਲੋਤੀਆਂ ਕੀ ਪਈਆਂ ਕਰਦੀਆਂ ਹਾਂ–ਜਾ ਕੇ ਪਿੰਡ ਖ਼ਬਰ ਕਰੀਏ–

ਸ਼ਾਹਣੀ : ਖ਼ਬਰ ਆਪੇ ਹੋ ਜਾਊ–ਅਸੀਂ ਜੇ ਗਲ ਕੀਤੀ ਤਾਂ ਸਾਨੂੰ ਧਰੂਹੀ ਫਿਰਨਗੇ–ਕਿ ਅਸੀਂ ਕਿਸ ਵੇਲੇ ਵੇਖਿਆ–ਅਸੀਂ ਉਥੇ ਕੀ ਕਰਨ ਗਈਆਂ ਸਾਂ ?

ਰਤਨੀ : ਤੇ ਉਹ ਥਾਣੇਦਾਰ ਮੁੱਛਾਂ ਵਿਚੋਂ ਹੱਸਦਾ ਪੁਛੇਗਾ–ਕੌਣ ਸੀ ਉਥੇ ਤੁਹਾਡਾ ਜਿਸਨੂੰ ਮਿਲਣ ਗਈਆਂ ਸਉ–ਪੁਲੀਸ ਵਾਲੇ ਤਾਂ ਚਾਹੁੰਦੇ ਨੇ ਕਿ ਇਹੋ ਜਿਹੇ ਮੌਕੇ ਉਹਨਾਂ ਨੂੰ ਮਿਲਦੇ ਰਹਿਣ–

ਸ਼ਾਹਣੀ : ਨੀ ਤੁਸੀਂ ਪੁਲੀਸ ਵਾਲਿਆਂ ਦੇ ਬੜੇ ਮਗਰ ਪੈ ਗਈਆਂ ਹੋ ਜੇ ਪੁਲੀਸ ਵਾਲੇ ਨਾ ਹੋਣ ਤਾਂ ਇਥੇ ਸ਼ਰੀਫ ਬੰਦਿਆਂ ਦਾ ਜੀਣਾ ਹਰਾਮ ਹੋ ਜਾਏ–

ਰਤਨੀ : ਤਾਹੀਉਂ ਤੇਰਾ ਸ਼ਾਹ ਉਹਨਾਂ ਦੇ ਗੋਡੇ ਮੁੱਢ ਬੈਠਾ ਰਹਿੰਦਾ ਏ–ਇਹ ਪੁਲੀਸ ਵਾਲੇ ਕੀ ਨੇ, ਇਹ ਕੋਈ ਤਾਈ ਗੰਗੋ ਕੋਲੋਂ ਪੁੱਛੇ–ਕਹਿੰਦੇ ਨੇ ਤਾਏ ਨੂੰ ਉਹਨਾਂ ਹਵਾਲਾਤ ਵਿਚ ਹੀ ਕੁੱਟ ਕੁੱਟ ਕੇ ਮਾਰ ਦਿੱਤਾ–
ਤੇ ਉਹ ਵੀ ਇਸੇ ਜ਼ੈਲਦਾਰ ਨੇ ਮੁਖਬਰੀ ਕੀਤੀ ਸੀ–
ਹੁਣ ਆਪਣੀ ਲਾਸ਼ ਮਿੱਟੀ ਵਿਚ ਪਈ ਰੁਲਦੀ ਸੂ–
ਰੱਬ ਕਰੇ ਸਾਰੇ ਮੁਖਬਰ ਟੋਡੀਆਂ ਦੀਆਂ ਲਾਸ਼ਾਂ ਇਸੇ ਤਰ੍ਹਾਂ ਹੀ ਰੁਲਣ

*(ਦੋ ਸਿਪਾਹੀ ਇਕ ਪਾਸੇ ਤੋਂ ਆਉਂਦੇ ਨੇ)*

ਰਤਨੀ : ਲੈ ਇਹ ਸਪਾਟੇ ਵੀ ਏਧਰ ਪਏ ਆਉਂਦੇ ਨੇ–

ਸ਼ਾਹਣੀ : ਨੀਂ ਚੁੱਪ ਕਰਕੇ ਖਲੋ ਜਾਓ–

ਸਿਪਾਹੀ 1 : ਯਾਰ ਇਥੇ ਤੀਵੀਆਂ ਕੀ ਪਈਆਂ ਕਰਦੀਆਂ ਨੇ–

ਸਿਪਾਹੀ 2 : ਗੱਲਾ ਪਈਆਂ ਕਰਦੀਆਂ ਨੇ–ਪਰ ਸਾਨੂੰ ਵੇਖ ਕੇ ਚੁੱਪ ਕਰ ਗਈਆਂ ਨੇ–

1 : ਇਹਨੂੰ ਕਹਿਦੇ ਨੇ ਰੁਹਬ–

2 : ਰੁਹਬ ਤਾਂ ਇਸ ਵਰਦੀ ਦਾ ਏ–

1 : ਜਿਥੇ ਜਾਈਏ ਕੁਕੜ ਖਾਣ ਨੂੰ ਮਿਲਦੇ ਨੇ–

2 : ਜੇ ਨਾ ਮਿਲਣ ਤਾਂ ਖੋਹ ਕੇ ਖਾਈਦੇ ਨੇ–

1 : ਪਰ ਇਕ ਗੱਲ ਈ–ਅੰਗਰੇਜ਼ ਦਾ ਰਾਜ ਬਹੁਤਾ ਚਿਰ ਨਹੀਉਂ ਰ ਹਿਣਾ।

2 : ਕਿਉਂ ?

1 : ਇਕ ਵਾਰੀ ਬੱਬਰਾਂ ਨੇ ਅੰਗਰੇਜ਼ ਅਫ਼ਸਰਾਂ ਨੂੰ ਬੰਗਲਿਆਂ ਵਿਚ ਵਾੜ ਦਿੱਤਾ–

2 : ਬਈ ਬੱਬਰਾਂ ਨੇ ਵੀ ਹੱਦ ਕਰ ਦਿੱਤੀ ਉ–ਸੋਹਬੱਤ ਕਲਾਂ ਦੇ ਸੂਬੇਦਾਰ ਨੇ ਅੰਗਰੇਜ਼ ਅਫ਼ਸਰਾਂ ਨੂੰ ਦਾਅਵਤ ਦਿੱਤੀ–ਤੇ ਜ਼ਿਲ੍ਹੇ ਦੇ ਸਾਰੇ ਮਸਤ ਕਰ ਦਿੱਤੇ–ਤੇ ਫੇਰ ਬੱਬਰਾਂ ਨੇ ਸੱਪਾਂ ਵਾਲੀ ਪਟਾਰੀ ਵਿਚੋਂ ਬੰਬ ਕੱਢਿਆ–ਤੇ ਠਾਹ ਮਾਰਿਆ, ਉਥੇ–ਸਾਰੇ ਦੇ ਸਾਰੇ ਚਿੱਤ ਕਰ ਦਿੱਤੇ–

1 : ਮੈਂ ਸੁਣਿਆਂ ਏ–ਸਾਹਿਬ ਦੀ ਮੇਮ ਵੀ ਨਾਲ ਸੀ–ਉਹ ਵੀ ਸੱਪ ਵੇਖਣਾ ਚਾਹੁੰਦੀ ਸੀ।

2 : ਅਗਲਿਆਂ ਨੇ ਵਿਖਾ ਦਿੱਤੇ ਨਾ ਫੇਰ ਸੱਪ–

1 : ਸੂਬੇਦਾਰ ਸਮੇਤ–ਸਾਰਿਆਂ ਦੀ ਬੀਨ ਵਜਾ ਦਿੱਤੀ–

2 : ਪਰ ਹੁਣ ਤਾਂ ਅੰਗਰੇਜ਼ ਅਫ਼ਸਰ ਆਪਣੇ ਬੰਗਲਿਆਂ ਵਿਚ ਪਏ ਦਬਕੇ ਮਾਰਦੇ ਨੇ–ਬਾਹਰ ਨਹੀਂ ਨਿਕਲਦੇ–

1 : ਪਰ ਤੀਵੀਆਂ ਤਾਂ ਇਥੋਂ ਹਿੱਲਦੀਆਂ ਈ ਨਹੀਂ–

2 : ਜ਼ਰੂਰ ਕੋਈ ਦਾਲ 'ਚ ਕਾਲਾ ਹੋਣਾ ਏਂ–

1 : ਜਿਥੇ ਚਾਰ ਤੀਵੀਆਂ ਇਕੱਠੀਆਂ ਹੋ ਜਾਣ ਜ਼ਰੂਰ ਕੋਈ ਦਾਲ 'ਚ ਕਾਲਾ ਹੁੰਦਾ ਏ–

2 : ਭਾਵੇਂ ਕਿਸੇ ਦਾ ਮੂੰਹ ਹੀ ਕਾਲਾ ਕਿਉਂ ਨਾ ਹੋਇਆ ਹੋਵੇ–ਉਸਦੀਆਂ ਹੀ ਗੱਲਾਂ ਕਰਦੀਆਂ ਨੇ–

1 : ਚੱਲ ਅਸਾਂ ਵਿਚੋਂ ਕੀ ਲੈਣਾ ਏ–

2 : ਲੈ ਲੈਣਾ ਕਿਉਂ ਨਹੀਂ–(ਤੀਵੀਆਂ ਵਲ ਵੇਖਕੇ) ਜਥੇਦਾਰਨੀਓ

ਤੁਸੀਂ ਇਥੇ ਕੀ ਪਈਆਂ ਕਰਦੀਆਂ ਓ–

ਤੀਵੀ 1 : ਲਾਸ਼ ਪਈ ਏ–

ਤੀਵੀ 2 : ਰੜੇ ਪਈ ਏ–

ਸਿਪਾਹੀ 1 : ਲਾਸ਼ ਪਈ ਏ।

ਸਿਪਾਹੀ 2 : ਰੜੇ ਪਈ ਏ–

ਸਿਪਾਹੀ 1 : ਜੇ ਲਾਸ਼ ਪਈ ਏ ਤਾਂ ਤੁਸੀਂ ਇਥੇ ਕੀ ਪਈਆਂ ਕਰਦੀਆਂ ਓ–

ਤੀਵੀਆਂ : ਲਾਸ਼ ਪਈਆਂ ਵੇਖਦੀਆਂ–

ਸਿਪਾਹੀ 2 : ਚਲੋ ਚਲੋ ਲਾਸ਼ ਵੇਖਣ ਦੀ ਮਨਾਈ ਏ–

ਤੀਵੀ 1 : ਚਲ ਨੀ ਚਲੀਏ ਲਾਸ਼ਾਂ ਦੇ ਵਾਰਸ ਆ ਗਏ ਨੇ–

*(ਇਕ ਕਮਲਾ ਜਿਹਾ ਬੰਦਾ ਸਿਪਾਹੀਆਂ ਵਿਚ ਆ ਕੇ ਵਜਦਾ ਹੈ)*

ਸਿਪਾਹੀ 1 : ਓਏ ਕਾਹਦਾ ਏ ਰੌਲਾ ?

ਕਮਲਾ : ਤੁਹਾਨੂੰ ਨਹੀਂ ਪਤਾ ?

ਸਿਪਾਹੀ 2 : ਨਹੀਂ ਸਾਨੂੰ ਨਹੀਂ ਪਤਾ।

ਕਮਲਾ : ਮੈਨੂੰ ਵੀ ਨਹੀਂ ਪਤਾ–ਤੁਹਾਨੂੰ ਵੀ ਨਹੀਂ ਪਤਾ–ਕਿਸੇ ਨੂੰ ਨਹੀਂ ਪਤਾ–ਪਰ ਸਭ ਨੂੰ ਹੈ ਪਤਾ ਕੁੰਡਲੇ ਸੱਪ ਦਾ ਹੋਇਆ ਕਤਲ ਕਾਤਲ ਹੈ ਲਾਪਤਾ–

ਸਿਪਾਹੀ 1 : ਓਏ ਕੀ ਬਕਦਾ ਏਂ–

ਕਮਲਾ : ਠੀਕ ਬਕਦਾ ਵਾਂ–ਸਮਾਂ ਭਿਆਨਕ ਸੀ–ਆਈ ਕਿਆਮਤ ਸੀ–ਹਮਲਾ ਅਚਾਨਕ ਸੀ–ਪਿਆ ਸੱਪ ਦੇ ਸਿਰ ਡੰਡਾ–ਨਿਕਲ ਗਿਆ ਕੰਡਾ–ਗੱਡਿਆ ਗਿਆ ਝੰਡਾ–

ਸਿਪਾਹੀ 2 : ਓਏ ਕਿਸ ਨੇ ਮਾਰਿਆ ਡੰਡਾ–

ਕਮਲਾ : ਤੁਹਾਨੂੰ ਨਹੀਂ ਪਤਾ–

ਸਿਪਾਹੀ 2 : ਨਹੀਂ ਸਾਨੂੰ ਨਹੀਂ ਪਤਾ

ਕਮਲਾ : ਮੈਨੂੰ ਵੀ ਨਹੀਂ ਪਤਾ–

ਸਿਪਾਹੀ 1 : ਓਏ ਕੀ ਬੁਝਾਰਤਾਂ ਪਾਉਨਾ ਏਂ ?

ਕਮਲਾ : ਬੁੱਝ ਲਵੋ–ਜੰਗਲ ਵਿਚ ਅੱਗ ਏ–ਕਾਲੀ ਉਹਦੀ ਪੱਗ ਏ–ਸ਼ੇਰਾਂ ਵਰਗੀ ਅੱਖ ਏ–ਮੌਤ ਤੋਂ ਨਿਸੰਗ ਏ–

ਸਿਪਾਹੀ 2 : ਓਏ ਕਿਹੜਾ ਉਹ ਨੰਗ ਏ ?

ਕਮਲਾ : ਤੁਹਾਨੂੰ ਨਹੀਂ ਪਤਾ ?

ਸਿਪਾਹੀ 1 : ਨਹੀਂ ਸਾਨੂੰ ਨਹੀਂ ਪਤਾ

ਕਮਲਾ : ਮੈਨੂੰ ਵੀ ਨਹੀਂ ਪਤਾ–

ਸਿਪਾਹੀ 1 : ਸ਼ੇਰਾਂ ਵਰਗੀ ਅੱਖ ਏ ?
ਸਿਪਾਹੀ 2 : ਕਾਲੀ ਉਹਦੀ ਪੱਗ ਏ ?
ਸਿਪਾਹੀ 1 : ਸਿੱਧੀ ਤਰ੍ਹਾਂ ਬੋਲ–
ਸਿਪਾਹੀ 2 : ਕੀ ਮਾਰਦਾ ਝੱਖ ਏਂ–
ਕਮਲਾ : ਅੰਨ੍ਹੇ ਨੇ ਦੇਖ ਰਹੇ–ਤੁਹਾਡੀ ਅੱਖ 'ਚ ਕੱਖ ਏ–ਤੂਫ਼ਾਨ ਦੀ ਸ਼ੂਕ ਏ–ਨਿਕਲੀ ਗੋਰੇ ਦੀ ਫੂਕ ਏ–ਚਲ ਗਈ ਬੰਦੂਕ ਏ–
ਸਿਪਾਹੀ 1 : ਉਏ ਕਿਸ ਨੇ ਚਲਾਈ ਬੰਦੂਕ ਏ ?
ਕਮਲਾ : ਤੁਹਾਨੂੰ ਨਹੀਂ ਪਤਾ ?
ਸਿਪਾਹੀ 1–2 : ਨਹੀਂ ਸਾਨੂੰ ਨਹੀਂ ਪਤਾ
ਕਮਲਾ : ਮੈਨੂੰ ਵੀ ਨਹੀਂ ਪਤਾ–
ਸਿਪਾਹੀ 1–2 : ਜ਼ਰੂਰ ਕੋਈ ਭੇਤ ਏ–
ਕਮਲਾ : ਹਾਂ ਜ਼ਰੂਰ ਕੋਈ ਭੇਤ ਏ–ਮੁੱਕ ਗਈ ਖੇਡ ਏ–ਛਿੜ ਗਈ ਜੰਗ ਏ–ਟੁੱਟਿਆ ਪ੍ਰਬੰਧ ਏ–
ਸਿਪਾਹੀ 1–2 : ਉਏ ਕਿਹੜੀ ਜੰਗ ਛਿੜ ਗਈ ਏ–
ਕਮਲਾ : ਤੁਹਾਨੂੰ ਨਹੀ ਂਪਤਾ ?
ਸਿਪਾਹੀ 1–2 : ਨਹੀਂ ਸਾਨੂੰ ਨਹੀਂ ਪਤਾ
ਕਮਲਾ : ਮੈਨੂੰ ਵੀ ਨਹੀਂ ਪਤਾ–ਤੁਹਾਨੂੰ ਵੀ ਨਹੀਂ ਪਤਾ–ਕਿਸੇ ਨੂੰ ਨਹੀਂ ਪਤਾ–ਪਰ ਸਭ ਨੂੰ ਹਹੈਪਤਾ ਕੁੰਡਲੇ ਸੱਪ ਦਾ ਹੋਇਆ ਏ ਕਤਲ–ਪਰ ਕਾਤਲ ਹੈ ਲਾਪਤਾ–ਇਹ ਕਹਿੰਦਾ ਚਲਾ ਜਾਂਦਾ ਹੈ–

*(ਸਿਪਾਹੀ ਜ਼ੈਲਦਾਰ ਦੀ ਲਾਸ਼ ਨੂੰ ਚੁੱਕ ਕੇ ਬਾਹਰ ਲੈ ਜਾਂਦੇ ਹਨ।)*

## ਸੀਨ ਚੌਥਾ

(ਸ਼ਾਹ ਦਾ ਘਰ। ਸ਼ਾਹ ਆਪਣੀਆਂ ਰੋਕੜਾਂ ਵਿਚ ਰੁਝਿਆ ਹੋਇਆ ਏ। ਸ਼ਾਹਣੀ ਬਾਹਰੋਂ ਆਉਂਦੀ ਹੈ।)

ਸ਼ਾਹਣੀ : ਵੇ ਕੁਝ ਸੁਣਿਆ ਈ ?
ਸ਼ਾਹ : ਸਵੇਰ ਦਾ ਸੁਣਦਾ ਹੀ ਪਿਆ ਹਾਂ।
ਸ਼ਾਹਣੀ : ਪਿੰਡ ਵਿਚ ਰੌਲਾ ਪਿਆ ਹੋਇਆ ਏ ?
ਸ਼ਾਹ : ਪਿੰਡ ਵਿਚ ਰੌਲੇ ਪਏ ਹੀ ਰਹਿੰਦੇ ਨੇ।
ਸ਼ਾਹਣੀ : ਪਿੰਡ ਵਿਚ ਪੁਲਿਸ ਫਿਰਦੀ ਪਈ ਏ ?
ਸ਼ਾਹ : ਪੁਲਿਸ ਫਿਰਦੀ ਹੀ ਰਹਿੰਦੀ ਏ।
ਸ਼ਾਹਣੀ : ਮਾਰਿਆ ਗਿਆ ਏ ?

ਸ਼ਾਹ : ਮਾਰਿਆ ਗਿਆ ਹੋਣਾ ਏ।

ਸ਼ਾਹਣੀ : ਪਰ ਪਤਾ ਈ ਕੌਣ ਮਾਰਿਆ ਗਿਆ ਏ ?

ਸ਼ਾਹ : ਕੋਈ ਜੱਟਾਂ ਦਾ ਪੁੱਤ ਮਾਰਿਆ ਗਿਆ ਹੋਣਾ ਏ–ਇਹ ਜੱਟ ਕੌਮ ਹਰ ਵੇਲੇ ਇਕ ਦੂਜੇ ਦਾ ਸਿਰ ਪਾੜਣ ਲਈ ਤਿਆਰ ਰਹਿੰਦੀ ਏ–ਮਾਰੇ ਜਾਂਦੇ ਨੇ–ਮੁਕਦਮੇ ਲੜਦੇ ਨੇ–ਭੜੂਏ ਨੰਗ ਹੋ ਜਾਂਦੇ ਨੇ ਮੇਰੇ ਕੋਲ ਨੱਸੇ ਆਉਂਦੇ ਨੇ।

ਸ਼ਾਹਣੀ : ਤੇ ਆਪਣੀ ਛਿੱਲ ਲੁਹਾ ਲੈਂਦੇ ਨੇ।

ਸ਼ਾਹ : ਆਹੋ, ਜਿਸ ਤਰ੍ਹਾਂ ਮੈਂ ਹਰ ਵੇਲੇ ਕਿਸੇ ਦੀ ਛਿੱਲ ਲਾਹੁਣ ਹੀ ਬੈਠਾ ਹਾਂ–ਤੂੰ ਤਾਂ ਹਰ ਵੇਲੇ ਮੇਰੇ ਬਰਖ਼ਲਾਫ ਹੀ ਗੱਲ ਕਰੇਂਗੀ–ਮੈਂ ਉਹਨਾਂ ਨੂੰ ਕੋਈ ਆਖਦਾ ਹਾਂ ਕਿ ਲੜਨ–ਉਂਝ ਹੀ ਲੋਕਾਂ ਦਾ ਖ਼ੂਨ ਅੱਜ ਕਲ ਤੱਤਾ ਹੋਇਆ ਏ।

ਸ਼ਾਹਣੀ : ਪਰ ਸੁਣ ਤਾਂ ਸਹੀ ਕੌਣ ਮਾਰਿਆ ਗਿਆ ਏ ?

ਸ਼ਾਹ : ਤੇ ਤੂੰ ਦੱਸ ਵੀ ਦੇ ਕੌਣ ਮਾਰਿਆ ਗਿਆ ਏ–ਬਸ ਕਹਾਣੀਆਂ ਸ਼ੁਰੂ ਕਰ ਦੇਵੇਂਗੀ–ਪਿੰਡ ਵਿਚ ਰੌਲਾ ਪਿਆ ਹੋਇਆ ਏ–ਪੁਲਿਸ ਫਿਰਦੀ ਪਈ ਏ–ਮਾਰਿਆ ਗਿਆ ਏ–ਇਹ ਹੋ ਗਿਆ ਏ–ਔਹ ਹੋ ਗਿਆ ਏ–ਪਰ ਹੋ ਕੀ ਗਿਆ ਏ, ਇਹ ਨਹੀਂ ਕਦੀ ਦੱਸੇਂਗੀ।

ਸ਼ਾਹਣੀ : ਤੇ ਸੁਣ, ਰਾਣੀਪੁਰ ਦਾ ਜ਼ੈਲਦਾਰ ਮਾਰਿਆ ਗਿਆ ਏ।

ਸ਼ਾਹ : ਇੰਝ ਆਖ ਨਾ– (ਜਿਸ ਤਰ੍ਹਾਂ ਪਿਛੋਂ ਕੋਈ ਖ਼ਿਆਲ ਆਉਂਦਾ ਹੈ) ਕੀ ਆਖਿਆ ਜ਼ੈਲਦਾਰ ਮਾਰਿਆ ਗਿਆ ਏ–ਉਹ ਕਿਉਂ ਮਾਰਿਆ ਗਿਆ ਏ–ਉਹਨੂੰ ਨਹੀਂ ਮਾਰਿਆ ਜਾਣਾ ਚਾਹੀਦਾ–ਫੜਾਈਂ ਜ਼ਰਾ ਮੇਰੀ ਵਹੀ।

ਸ਼ਾਹਨੀ : ਪਰ ਵਹੀ ਕੀ ਕਰਨੀ ਆ ?

ਸ਼ਾਹ : ਜ਼ੈਲਦਾਰ ਦਾ ਖ਼ਾਤਾ ਵੇਖਣਾ ਏਂ–ਕੰਜਰ ਵੱਲ ਕੋਈ ਪੈਸਾ ਤਾਂ ਨਹੀਂ ਰਹਿ ਗਿਆ।

ਸ਼ਾਹਣੀ : ਜੇ ਰਹਿ ਵੀ ਗਿਆ ਹੋਵੇਗਾ ਤਾਂ ਕੀ ਕਰ ਲਵੇਂਗਾ ? ਉਹ ਤਾਂ ਗਿਆ ਧਰਮਰਾਜ ਕੋਲ।

ਸ਼ਾਹ : ਅਸੀਂ ਵੀ ਧਰਮਰਾਜ ਕੋਲ ਮਗਰੇ ਹੀ ਚਲੇ ਜਾਵਾਂਗੇ–ਸਾਡੀ ਕੋਈ ਜੁੱਤੀ ਘੱਸ ਚਲੀ।

ਸ਼ਾਹਣੀ : ਅੱਛਾ ਸ਼ੁਭ ਸ਼ੁਭ ਬੋਲ।

ਸ਼ਾਹ : ਸ਼ੁਭ ਸ਼ੁਭ ਕੀ ਬੋਲਾਂ–ਲਿਆ ਕੇ ਸਾਮੀ ਦੇ ਮਰਨ ਦੀ ਖ਼ਬਰ ਮੇਰੇ ਸਿਰ 'ਤੇ ਦੇ ਮਾਰੀ ਏ–ਤੇ ਅਗੋਂ ਕਹਿੰਦੀ ਏ ਸ਼ੁਭ ਸ਼ੁਭ ਬੋਲਾਂ–ਕਿੰਨੀ ਵਾਰੀ ਕਿਹਾ ਏ, ਇਹੋ ਜਿਹੀਆਂ ਖ਼ਬਰਾਂ ਨਾ ਲਿਆਇਆ ਕਰ, ਪਰ

ਮਜ਼ਾਲ ਏ ਤੈਨੂੰ ਸਮਝ ਆਵੇ।

ਸ਼ਾਹਣੀ : ਨਾ ਮੈਂ ਖ਼ਬਰਾਂ ਘਰੋਂ ਬਣਾਉਂਦੀ ਹਾਂ?

ਸ਼ਾਹ : ਘਰੋਂ ਤਾਂ ਨਹੀਂ ਬਣਾਉਂਦੀ, ਪਰ ਹੋਰ ਵੀ ਕਈ ਖ਼ਬਰਾਂ ਹੁੰਦੀਆਂ ਨੇ-ਭਾਅ ਵੱਧਣ ਦੀਆਂ-ਮੁਲਕ ਵਿਚ ਕਾਲ ਪੈਣ ਦੀਆਂ।

ਸ਼ਾਹਣੀ : ਤੂੰ ਬਸ ਇਹੋ ਚਾਹੁੰਦਾ ਏਂ ਕਿ ਮੁਲਕ ਵਿਚ ਕਾਲ ਪਵੇ-ਲੋਕ ਭਾਵੇਂ ਭੁੱਖੇ ਮਰਨ।

ਸ਼ਾਹ : ਤੇ ਤੂੰ ਹਰ ਵੇਲੇ ਇਹੋ ਚਾਹੁੰਦੀ ਏਂ ਕਿ ਕਾਲ ਨਾ ਪਵੇ-ਲੋਕ ਭੁੱਖੇ ਨਾ ਮਰਨ, ਮੈਂ ਭਾਵੇਂ ਭੁੱਖਾ ਮਰ ਜਾਵਾਂ?

ਸ਼ਾਹਣੀ : ਨਹੀਂ ਮਰਦਾ ਤੂੰ ਭੁੱਖਾ।

ਸ਼ਾਹ : ਜੇ ਸਾਮੀਆਂ ਇੰਝ ਮਰਨ ਲੱਗੀਆਂ ਤਾਂ ਭੁੱਖਿਆਂ ਮਰਨ ਦੀ ਕੋਈ ਕਸਰ ਤਾਂ ਨਹੀਂ ਰਹਿ ਜਾਣੀ-ਉਂਝ ਜ਼ੈਲਦਾਰ ਹੈ ਕੰਮ ਦਾ ਬੰਦਾ ਸੀ।

ਸ਼ਾਹਣੀ : ਤਦੇ ਹੀ ਹਰ ਵੇਲੇ ਘਰ ਵਾੜੀ ਰੱਖਦਾ ਸੀ।

ਸ਼ਾਹ : ਝੱਲੀਏ, ਉਹਦੀ ਸਰਕਾਰੇ ਦਰਬਾਰੇ ਪਹੁੰਚ ਸੀ-ਤੇ ਇਹੋ ਜਹੇ ਬੰਦੇ ਸ਼ਾਹੂਕਾਰੀ ਦੇ ਧੰਦੇ ਲਈ ਬੜੇ ਮੁਫ਼ੀਦ ਹੁੰਦੇ ਨੇ-ਪਰ ਤੈਨੂੰ ਕੀ ਪਤਾ-ਤੇਰੇ ਪਿਉ ਦਾਦੇ ਨੇ ਕਦੀ ਸ਼ਾਹੂਕਾਰੀ ਕੀਤੀ ਹੋਵੇ ਤਾਂ ਪਤਾ ਹੋਵੇ।

ਸ਼ਾਹਣੀ : ਸ਼ੁਕਰ ਏ ਮੇਰੇਪਿਉ ਦਾਦੇ ਨੇ ਇਹ ਕੁੱਤੇ ਕੰਮ ਨਹੀਂ ਕੀਤੇ।

ਸ਼ਾਹ : ਵੇਖੋ ਲੋਕੋ ਕਿਹੋ ਜਹੀ ਜ਼ਨਾਨੀ ਨਾਲ ਵਾਹ ਪੈ ਗਿਆ ਏ-ਮੇਰੇ ਕੰਮ ਨੂੰ ਕੁੱਤਾ ਕਹਿ ਰਹੀ ਏ-ਮੈਂ ਤਾਂ ਉਸ ਪੰਡਤ ਨੂੰ ਰੋਂਦਾ ਹਾਂ, ਜਿੰਨ੍ਹੇ ਤੇਰੇ ਨਾਲ ਚਾਰ ਫੇਰੇ ਦੁਆਏ।

ਸ਼ਾਹਣੀ : ਤੂੰ ਰੋਂਦਾ ਏਂ ਪੰਡਿਤ ਨੂੰ ਤੇ ਮੈਂ ਰੋਂਦੀ ਹਾਂ ਤੇਰੀ ਮਾਂ ਨੂੰ, ਜਿਨ੍ਹੇ ਤੇਰੇ ਜਿਹਾ ਜੰਮਿਆ ਮੇਰੇ ਲਈ।

ਸ਼ਾਹ : ਲੈ ਗੱਲ ਜ਼ੈਲਦਾਰ ਦੀ ਪਈ ਹੁੰਦੀ ਏ ਤੇ ਆ ਗਈ ਏ ਮੇਰੀ ਮਾਂ ਦੇ ਵੈਣ ਪਾਉਣ।

ਸ਼ਾਹਣੀ : ਮੈਂ ਵੈਣ ਕਿਉਂ ਪਾਵਾਂ, ਵੈਣ ਤਾਂ ਪੈ ਰਹੇ ਨੇ ਜ਼ੈਲਦਾਰ ਦੇ-ਮਾੜੇ ਕੰਮ ਕਰਦੇ ਨੇ-ਰੋਣ ਵਾਸਤੇ ਛੱਡ ਜਾਂਦੇ ਨੇ ਟੱਬਰਾਂ ਨੂੰ ਅਖੇ ਮੁਰੱਬੇ ਲੈਣੇ ਨੇ। ਲੈ ਅਗਲਿਆਂ ਨੇ, ਦੇ ਦਿੱਤੇ ਮੁਰੱਬੇ।

ਸ਼ਾਹ : ਕਿੰਨ੍ਹਾਂ ਅਗਲਿਆਂ ਨੇ?

ਸ਼ਾਹਣੀ : ਬੱਬਰਾਂ ਨੇ, ਹੋਰ ਕਿੰਨ੍ਹਾਂ ਨੇ?

ਸ਼ਾਹ : ਕੀ ਜ਼ੈਲਦਾਰ ਨੂੰ ਬੱਬਰਾਂ ਨੇ ਮਾਰਿਆ ਏ?

ਸ਼ਾਹਣੀ : ਨਾ ਤੈਨੂੰ ਹੁਣ ਪਤਾ ਲੱਗਿਆ ਏ?

ਸ਼ਾਹ : ਤੂੰ ਦੱਸੇ ਵੀ-ਤੂੰ ਤਾਂ ਮੇਰੀ ਮਾਂ ਦੇ ਸਿਆਪੇ ਸ਼ੁਰੂ ਕਰ ਦਿੱਤੇ। ਲੈ ਮੇਰੀ

ਗੱਲ ਸੁਣ ਜੇ ਬੱਬਰਾਂ ਨੇ ਜ਼ੈਲਦਾਰ ਨੂੰ ਹੱਥ ਪਾ ਲਿਆ ਏ ਤਾਂ ਇਲਾਕੇ ਦੀ ਸੁੱਖ ਨਹੀਂ।

ਸ਼ਾਹਣੀ : ਤੂੰ ਇਲਾਕੇ ਦੀ ਸੁੱਖ ਦਾ ਫ਼ਿਕਰ ਨਾ ਕਰ, ਆਪਣਾ ਫ਼ਿਕਰ ਕਰ।

ਸ਼ਾਹ : ਆਪਣਾ ਫ਼ਿਕਰ ਕੀ ਕਰਾਂ ?

ਸ਼ਾਹਣੀ : ਏਨਾ ਤ੍ਰਾਂ ਚੰਗਾ ਨਹੀਂ ਤੂੰ।

ਸ਼ਾਹ : ਮੈਂ ਕਿਹੜਾ ਤਮ੍ਹਾਂ ਕੀਤੀ ਏ ? ਲੋੜ ਪੈਣ ਤੇ ਮੈਂ ਹੀ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨਾ ਵਾਂ, ਕੀ ਹੋਇਆ ਜੇ ਆਨਾ ਰੁਪਿਆ ਵਿਆਜ ਲੈ ਲਿਆ-ਸਾਮੀਆਂ ਮਰਨ ਤੇ ਘਾਟਾ ਵੀ ਮੈਂ ਹੀ ਖਾਂਦਾ ਹਾਂ। ਹੁਣ ਜ਼ੈਲਦਾਰ ਨੂੰ ਹੀ ਲੈ ਲੈ, ਭੜੂਏ ਦੀਆਂ ਗਵਾਹੀਆਂ ਥਾਂ-ਥਾਂ ਪਾਈਆਂ ਨੇ ਵਹੀ ਖ਼ਾਤੇ ਵਿਚ। ਭੈੜਿਆ ਜੇ ਤੂੰ ਏਨੀ ਛੇਤੀ ਹੀ ਮਰਨਾ ਸੀ ਤਾਂ ਇਹ ਗਵਾਹੀਆਂ ਕਿਉਂ ਪਾ ਗਿਆ ਮੇਰੀ ਵਹੀ 'ਤੇ ਹੁਣ ਮੈਂ ਸਾਮੀਆਂ ਕਿਥੋਂ ਉਗਰਾਹੁੰਦਾ ਫਿਰਾਂਗਾ ?

*(ਬਾਹਰੋਂ ਦਰਵਾਜ਼ਾ ਖੜਕਦਾ ਏ ਤੇ ਆਵਾਜ਼ ਆਉਂਣੀ ਏ।)*

ਆਵਾਜ਼ : ਸ਼ਾਹ ਜੀ, ਸ਼ਾਹ ਜੀ।

ਸ਼ਾਹ : ਕੌਣ ਏਂ ਬਈ ਤੂੰ ਇਸ ਵੇਲੇ ਹਾਕਾਂ ਮਾਰਦਾ।

ਆਵਾਜ਼ : ਜੀ ਮੈਂ ਬਾਬੂ ਹਾਂ, ਭਗਤਾਂ ਦਾ।

ਸ਼ਾਹ : ਹੋਰ ਕੌਣ ਏਂ ਤੇਰੇ ਨਾਲ ?

ਆਵਾਜ਼ : ਜੀ ਲਾਲ ਮਲ।

ਸ਼ਾਹ : (ਖੁਸ਼ ਹੋ ਕੇ) ਖੋਲ੍ਹ ਨੀ ਭਾਗਵਾਨੇ ਬੂਹਾ-ਤੂੰ ਤੇ ਭਾਵੇਂ ਸਾਡੀਆਂ ਸਾਮੀਆਂ ਮਾਰ ਕੇ ਖੁਸ਼ ਏਂ। ਪਰ ਫੇਰ ਵੀ ਸਾਮੀਆਂ ਆਪਣੇ ਆਪ ਆਉਂਦੀਆਂ ਨੇ ਏਡੀ ਰਾਤ ਗਈ ਤੇ ਆਏ ਨੇ ਕੋਈ ਡਾਢੀ ਲੋੜ ਪੈ ਗਈ ਏ-ਅੱਜ ਨੌਂਦੇ ਪੌਂਣੇ ਲਾ ਕੇ ਚੰਗੀ ਤਰ੍ਹਾਂ ਕਾਬੂ ਕਰਾਂਗਾ, ਭਾਗਵਾਨੇ ਜਲਦੀ ਕਰਦੇ।

ਸ਼ਾਹਣੀ : ਬੂਹੇ ਦੀ ਤਾਂ ਚਾਬੀ ਪਤਾ ਨਹੀਂ ਕਿਥੇ ਰੱਖੀ ਏ ?

ਸ਼ਾਹ : ਤੈਨੂੰ ਤਾਂ ਵੇਲੇ ਸਿਰ ਕਦੀ ਚਾਬੀ ਹੀ ਨਹੀਂ ਲੱਭੀ। ਬਾਹਰ ਠੱਕਾ ਵਗਦਾ ਏ, ਵਿਚਾਰੇ ਪਤਾ ਨਹੀਂ ਕਿੱਦਾਂ ਝਾਗ ਕੇ ਆਏ ਨੇ-ਲੈ ਚਾਬੀ ਤਾਂ ਇਥੇ ਪਈ ਏ, ਮੈਂ ਹੀ ਜੰਦਰਾ ਮਾਰਿਆ ਸੀ।

ਸ਼ਾਹਣੀ : ਨਾ ਤੂੰ ਕਾਹਨੂੰ ਜੰਦਾ ਮਾਰਿਆ ਸੀ ?

ਸ਼ਾਹ : ਖ਼ਤਰੇ ਦੇ ਦਿਨ ਹੋਏ, ਕੀ ਪਤਾ ਕਿਸ ਵੇਲੇ ਬਬਰ ਆ ਪੈਣ। ਹੱਲਾ ਤੂੰ ਜਾ ਕੇ ਅੰਦਰ ਬਹਿ ਜਾਹ।

ਸ਼ਾਹਣੀ : ਕਿਉਂ ?

ਸ਼ਾਹ : ਸਿਆਣੇ ਕਹਿੰਦੇ ਨੇ ਬਪਾਰ ਦੀ ਗੱਲ, ਪਿਆਰ ਦੀ ਗੱਲ-ਰਿਜ਼ਕ

ਦੀ ਗੱਲ-ਇਸ਼ਕ ਦੀ ਗੱਲ ਹੋਰ ਭਾਵੇਂ ਸਾਰਿਆਂ ਅਗੇ ਕਰ ਲਓ ਪਰ ਆਪਣੀ ਜ਼ਨਾਨੀ ਅਗੇ ਨਾ ਕਰੋ।

ਸ਼ਾਹਣੀ : ਵੱਡਾ ਇਸ਼ਕ ਕਰਨ ਵਾਲਾ ਰਾਂਝਾਂ ਤਖ਼ਤ ਹਜ਼ਾਰੇ ਦਾ, ਕਦੀ ਬੂਥੀ ਵੇਖੀ ਆ ਆਪਣੀ ?

ਸ਼ਾਹ : ਮੈਂ ਤਾਂ ਵੇਖੀ ਆ, ਤੂੰ ਵੀ ਵੇਖ ਲੈ-ਵੱਡੀ ਸਲੇਟੀ ਹੀਰ।

*(ਸ਼ਾਹਣੀ ਅੰਦਰ ਜਾਂਦੀ ਏ ਤੇ ਸ਼ਾਹ ਬੂਹਾ ਖੋਲ੍ਹਦਾ ਏ।)*

ਸ਼ਾਹ : ਕਿਸ ਤਰ੍ਹਾਂ ਆਏ ਹੋ ਸਰਦਾਰ ?

ਬੱਬਰ 1 : ਸ਼ਾਹ ਜੀ ਆਉ ਖਾਂ ਜ਼ਰਾ ਲੇਖਾ ਪਤਾ ਕਰ ਲਈਏ।

ਸ਼ਾਹ : ਲੇਖਾ ਪਤਾ ?

ਬੱਬਰ 2 : ਤੁਸੀਂ ਬਥੇਰੇ ਭਗਤ ਲੁੱਟੇ ਨੇ।

ਬੱਬਰ 1 : ਅੱਜ ਤੁਸੀਂ ਵੀ ਭਗਤ ਬਣ ਕੇ ਵੇਖ ਲਉ-

ਸ਼ਾਹ : ਸਰਦਾਰਾ ਕੀ ਬੁਝਾਰਤਾਂ ਪਾਉਂਦੇ ਹੋ ?

ਬੱਬਰ 1 : ਲੈ ਬੁਝਾਰਤਾਂ ਨਹੀਂ ਪਾਉਂਦੇ ?

ਬੱਬਰ 2 : ਕੰਮ ਦੀ ਗੱਲ ਕਰਦੇ ਹਾਂ।

ਬੱਬਰ 1 : ਉੱਠ ਕੇ ਪੇਟੀ ਖੋਲ੍ਹ।

ਸ਼ਾਹ : ਪੇਟੀ ?

ਬੱਬਰ 1 : ਆਹੋ ਪੇਟੀ।

ਬੱਬਰ 2 : ਤੇਰੇ ਘਰ ਬੱਬਰ ਆਏ ਨੇ।

ਸ਼ਾਹ : ਬੱਬਰ ?

ਬੱਬਰ 1 : ਆਹੋ ਬੱਬਰ-ਪੁਲਿਸ ਥਾਣੇ ਜਾ ਜਾ ਪੁੱਛਦਾ ਸੀ ਕਿ ਬੱਬਰ ਕਿਹੋ ਜਹੇ ਹੁੰਦੇ ਨੇ।

ਬੱਬਰ 2 : ਹੁਣ ਦਰਸ਼ਨ ਕਰ ਲੈ-

ਬੱਬਰ 1 : ਨਾਲੇ ਦਿਲ ਖੋਲ੍ਹ ਕੇ ਦੱਖਣਾ ਦੇ।

*(ਸ਼ਾਹਣੀ ਆਉਂਦੀ ਏ)*

ਸ਼ਾਹਣੀ : ਲੈ ਭਾਈ ਇਹਨੂੰ ਕਾਹਨੂੰ ਫੜਿਆ ਹੋਇਆ ਜੇ ?

ਬੱਬਰ 1 : ਸ਼ਾਹਣੀਏ, ਚੁੱਪ ਕਰਕੇ ਖਲੋਤੀ ਰਹਿ-ਜੇ ਰੌਲਾ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਪਾਰ ਬੁਲਾ ਦਿੱਤੇ ਜਾਉਗੇ।

ਸ਼ਾਹਣੀ : ਪਰ ਤੁਸੀਂ ਹੋ ਕੌਣ ?

ਸ਼ਾਹ : ਡਰ ਨਾ, ਆਪਣੇ ਬੱਬਰਨੇ-ਭਗਤ ਨੇ-ਮੈਂ ਸਮਝਿਆ ਚੋਰ ਡਾਕੂ ਹੋਣੇ ਨੇ-ਦਸੋ ਮਹਾਰਾਜ ਕੀ ਹੁਕਮ ਹੈ-ਮੈਂ ਤਾਂ ਹੱਥੀਂ ਬੱਧੀ ਹਾਜ਼ਰ ਹਾਂ।

ਬੱਬਰ 1 : ਜੋ ਕੁਝ ਨਕਦ ਰਕਮ ਹੈ ਤੇਰੇ ਪਾਸ, ਉਹ ਸਾਡੇ ਹਵਾਲੇ ਕਰ ਦੇ।

ਬੱਬਰ 2 : ਹੋਰ ਅਸੀਂ ਤੇਰੇ ਕੋਲੋਂ ਕੁਝ ਨਹੀਂ ਲੈਂਦੇ।

ਸ਼ਾਹ : ਤੁਸੀਂ ਕੱਲ੍ਹ ਆ ਜਾਂਦੇ ਤਾਂ 15 ਹਜ਼ਾਰ ਰੁਪਏ ਜ਼ਰੂਰ ਸੀ-ਅੱਜ ਹੀ ਸ਼ਹਿਰ ਦੇ ਕੇ ਆਇਆ ਹਾਂ।

ਬੱਬਰ 1 : ਹੁਣ ਤੇਰੇ ਪਾਸ ਕੀ ਏ ?

ਸ਼ਾਹ : ਦੇਖ ਲਉ ਮਹਾਰਾਜ ਕੁਝ ਵੀ ਨਹੀਂ।

ਬੱਬਰ 2 : ਸ਼ਾਹ ਸਾਨੂੰ ਵੀ ਚਾਰਨ ਲਗਿਆ ਏਂ ?

ਬੱਬਰ 1 : ਸਿੱਧਾ ਹੋ ਕੇ ਗੱਲ ਕਰ, ਇਹ ਨਾ ਹੋਵੇ... ..

ਸ਼ਾਹ : ਮੈਨੂੰ ਆਪਣੇ ਬੱਚਿਆਂ ਦੀ ਕਸਮ-ਗਊ ਮਾਤਾ ਦੀ ਕਸਮ-ਇਸ ਵੇਲੇ ਕੁਝ ਵੀ ਨਹੀਂ-ਹਾਂ ਦੋ ਟੂੰਬਾਂ ਨੇ-ਸੋਨੇ ਦੀ ਜ਼ੰਜ਼ੀਰੀ ਏ, ਚਾਂਦੀ ਦੀ ਤੜਾਗੀ ਏ-ਇਹ ਲੋੜ ਹੈ ਤਾਂ ਲੈ ਜਾਵੋ।

ਬੱਬਰ 1 : ਅੱਛਾ ਤਲਾਸ਼ੀ ਦੇ ?

ਸ਼ਾਹ : ਜੀ ਸਦਕੇ... ..

*(ਤਲਾਸ਼ੀ ਲੈਂਦੇ ਨੇ)*

ਬੱਬਰ 2 : ਲੈ ਸ਼ਾਹ ਅੱਜ ਤਾਂ ਤੇਰੀ ਕਿਸਮਤ ਚੰਗੀ ਸੀ, ਪਰ ਯਾਦ ਰਖੀਂ ਫੇਰ ਕਦੀ ਆਵਾਂਗੇ।

ਸ਼ਾਹ : ਜੰਮ ਜੰਮ ਆਉ, ਤੁਸੀਂ ਸੁਨੇਹਾ ਭੇਜ ਦੇਵੋ ਮੈਂ ਆਪ ਹਾਜ਼ਰ ਹੋਵਾਂਗਾ।

*(ਜਾਂਦੇ ਹਨ)*

ਸ਼ਾਹ : ਗਏ?

ਸ਼ਾਹਣੀ : ਆਹੋ ਗਏ।

ਸ਼ਾਹ : ਦਰਵਾਜ਼ਾ ਮਾਰ ਲੈ... ਤੇ ਜੰਦਰਾ ਵੀ।

*(ਜਾਂਦੀ ਏ)*

ਸ਼ਾਹ : ਭੂਤਨੀ ਦੇ ਮੇਰੇ ਕੋਲੋਂ ਕੁਝ ਲੈਣ ਆਏ ਸਨ।

ਸ਼ਾਹਣੀ : ਉਹਨਾਂ ਤਲਾਸ਼ੀ ਵੀ ਲਈ... ਪਰ ਨਿਕਲਿਆ ਕੁਝ ਵੀ ਨਹੀਂ, ਮੈਂ ਤਾਂ ਹੈਰਾਨ ਰਹਿ ਗਈ।

ਸ਼ਾਹ : ਲੈ ਇਸ ਵਿਚ ਹੈਰਾਨੀ ਵਾਲੀ ਗੱਲ ਕਿਹੜੀ-ਇਹੋ ਜਿਹੇ ਦਿਨਾਂ ਵਿਚ ਅਸੀਂ ਸੰਦੂਕੜੀਆਂ ਵਿਚ ਥੋੜਾ ਕੁਝ ਰਖਦੇ ਹਾਂ। ਐਵੇਂ ਤੇ ਅਸੀਂ ਨਹੀਂ ਸੀ ਆਖਿਆ ਕਿ ਅਸੀਂ ਸੱਪ ਹਾਂ ਕਿ ਅਗਲੇ ਦੀ ਲਾਠੀ ਟੁੱਟ ਜਾਏ ਪਰ ਸਾਨੂੰ ਜ਼ਰਬ ਨਾ ਆਵੇ-ਰਕਮ ਤਾਂ ਸਾਰੀ ਇਥੇ ਬੱਧੀ ਹੋਈ ਸੀ।

*(ਬੱਬਰ ਕੰਧ ਟੱਪ ਕੇ ਆਉਂਦੇ ਹਨ।)*

ਬੱਬਰ 1 : ਲਿਆ ਖਾਂ ਸ਼ਾਹ ਰੱਖ ਏਥੇ, (ਖੋਂਹਦਾ ਏ) ਫਿਕਰ ਨਾ ਕਰ ਇਹੀ ਸਮਝੀ

ਕਿ ਇਹ ਰਕਮ ਮਾੜੇ ਕੰਮ ਵਾਸਤੇ ਨਹੀਂ ਵਰਤੀ ਜਾਣੀ, ਦੇਸ਼ ਦੇ ਕੰਮ ਆਏਗੀ।

*(ਜਾਂਦੇ ਹਨ।)*

ਸ਼ਾਹ : ਸਾਡੇ ਵੱਲੋਂ ਭਾਵੇਂ ਸ਼ਰਾਬ ਪੀਵੋ ਤੇ ਭਾਵੇਂ ਹਥਿਆਰ ਖਰੀਦੋ-ਸਾਡੇ ਵੱਲੋਂ ਤੇ ਗਈ।

ਸ਼ਾਹਣੀ : ਰੁਲਦੂ ਦੇ ਬਾਪੂ ?

ਸ਼ਾਹ : ਹਾਂ।

ਸ਼ਾਹਣੀ : ਐਤਕੀਂ ਤਾਂ ਸੱਪ ਵੀ ਮਰ ਗਿਆ ਏ, ਲਾਠੀ ਵੀ ਨਹੀਂ ਟੁੱਟੀ।

ਸ਼ਾਹ : ਸ਼ੁਕਰ ਕਰ ਜਾਨ ਬਚ ਗਈ-ਜੇ ਜ਼ੈਲਦਾਰ ਵਾਂਗ ਠੰਡਾ ਕਰ ਦੇਂਦੇ ਤਾਂ ਕੀ ਕਰ ਲੈਣਾ ਸੀ-ਹੁਣ ਅੰਗਰੇਜ਼ ਦਾ ਰਾਜ ਨਹੀਂ ਰਹਿਣਾ-ਅੰਗਰੇਜ਼ ਦਾ ਰਾਜ ਨਹੀਂ ਰਹਿਣਾ।

*(ਇਹ ਕਹਿੰਦਾ ਹੋਇਆ ਚਲਾ ਜਾਂਦਾ ਹੈ।)*

## (ਸੀਨ ਪੰਜਵਾਂ)

(ਅੰਗਰੇਜ਼ ਅਫ਼ਸਰ ਸਟੇਜ ਉਤੇ ਆਉਂਦਾ ਹੈ)

ਅੰਗਰੇਜ਼ ਦੀ ਤਕਰੀਰ : ਨਹੀਂ ਰਹੇਗਾ-ਨਹੀਂ ਰਹੇਗਾ-ਦੁਰਗਾ ਦਾਸ ਯੇਹ ਸਭ ਕਿਆ ਹੋ ਤ਼ਹਾ ਹੈ ਕੁਝ ਬੱਬਰ ਲੋਕ ਤੁਮਾੜੇ ਕਾਬੂ ਨਹੀਂ ਆੜਹਾ-ਤੁਮ ਨੇਂ ਡੇਖਾ ਕਿ ਹਮੇਂ ਆਪਣੇ ਬੰਗਲਾ ਦੇ ਆਸ਼ ਪਾਸ਼ ਬ੍ਰਿਟਿਸ਼ ਸ਼ੋਲਜਰ ਕਾ ਪਹਿੜਾ ਮਾਂਗਟਾ ਹੈ-ਯੇਹ ਬੱਬਰ ਲੋਕ ਬਹੁਤ ਚਾਲਾਕ ਹੈ-ਕੋਈ ਪਤਾ ਨਹੀਂ ਯੇਹ ਪੁਲਿਸ ਕੀ ਬਰਦੀ ਮੇਂ ਆ ਜਾਏ ਔੜ ਆਪਣਾ ਐਕਸ਼ਨ ਕਰ ਜਾਏ-ਯੇਹ ਬੱਬਰ ਕਾ ਪਾਰਟੀ ਬਹੁਤ ਬੜ ਗਿਆ ਹੈ-ਤੁੰਮ ਦੁਰਗਾ ਦਾਸ ਯੇਹ ਕਹਿਟਾ ਥਾ ਕਿ ਯੇਹ ਸਿਰਫ਼ ਪਚਾਸ ਸਾਠ ਕੀ ਗਿਣਤੀ ਮੇਂ ਹੈ-ਮਗੜ ਹਮੇਂ ਯੇਹ ਦਿਖਾਈ ਡੇਤਾ ਹੈ ਕਿ ਦੋਆਬਾ ਕਾ ਸਾਰਾ ਇਲਾਕਾ ਬੱਬਰ ਹੋ ਗਿਆ ਹੈ-ਹਮਾੜਾ ਸੀ.ਆਈ.ਡੀ. ਫੇਲ੍ਹ ਹੋ ਗਿਆ-ਐਸਾ ਮਾਲੂਮ ਹੋਟਾ ਹੈ ਕਿ ਪੰਜਾਬ ਕੇ ਤੀਨ ਡੀਸਟਰੀਕਟ ਮੇਂ ਬ੍ਰਿਟਿਸ਼ ਰਾਜ ਖ਼ਤਮ ਹੋ ਗਿਆ ਹੈ-ਲੋਕ ਹਮਾੜੇ ਰਾਜ ਕੋ ਭੂਲ ਗਏ ਹਮ ਨੇ ਲੋਕੋਂ ਕੋ ਰੇਲ ਦੀ-ਸੜਕ ਦੀ-ਡਾਕ ਔਰ ਤਾਰ ਕਾ ਸਿਸਟਮ ਦੀਆ-ਅੱਛਾ ਹਕੂਮਟ ਦੀਆਹ-ਅਗਰ ਈਧਰ ਬ੍ਰਿਟਿਸ਼ ਹਕੂਮਟਨਹੀਂ ਆਟਾ ਟੋ ਈਸ਼ ਦੇਸ਼ ਕਾ ਟੁਕੜਾ-ਟੁਕੜਾ ਹੋ ਜਾਣਾ ਥਾ-ਲੋਕੋ ਨੇ ਆਪਸ ਮੇਂ ਲੜ-ਲੜ ਕਰ ਮਰ ਜਾਣਾ ਥਾ-ਸਮਝਾ ? ਟੁਮ ਟੋ ਸਮਝਾ ਮਗਰ ਯਹ ਬਾਟ ਉਨ ਲੋਗੋ ਕੋ ਭੀ ਸਮਝਾਉ ਅਗਰ ਨਹੀਂ ਸਮਝਟਾ ਟੋ ਉਨਕੇ ਬੁਢੋ ਕੋ ਦਾੜ੍ਹੀ

ਸੇ ਪਕੜ ਕਰ ਗਲੀਉਂ ਮੇਂ ਖੀਚੋਂ-ਉਨਕੀ ਔਰਤੋਂ ਕੋ ਚੌਂਕ ਮੇਂ ਨੰਗਾ ਕਰ ਦੇ-ਉਨਕੇ ਖੇਟੋਂ ਕੋ ਜਲਾਦੋ-ਯੇਹ ਬਾਟ ਹਮ ਟੁੰਮ ਪੁਲਿਸ ਵਾਲੋ ਕੋ ਬਟਾ ਰਹਾ ਹੈ-ਯੇਹ ਸਭ ਬਾਟੇ ਤੁੰਮਹਾਰੇ ਕਾਮ ਆਏਗਾ ਅਗਰ ਹੰਮ ਨਹੀਂ ਰਹੇਗਾ-ਤਬ ਭੀ ਯੇਹ ਟੁੰਮਾਰੇ ਕਾਮ ਆਏਗਾ-ਕੁਝ ਲੋਗ ਅਖ਼ਬਾਰੋਂ ਮੇਂ ਸ਼ੋਰ ਮਚਾਏਗਾ-ਮਚਾਨੇ ਦੋ-ਹੰਮਨੇ ਜਲਿਆਂ ਵਾਲਾ ਬਾਗ਼ ਮੇਂ ਗੋਲੀ ਚਲਾਇਆ, ਲੋਕੋਂ ਨੇ ਸ਼ੋਰ ਮਚਾਇਆ ਮਗਰ ਹਮਰਾ ਕਿਆ ਬਿਗੜਾ ? ਹੰਮ ਆਪਣੇ ਬੰਗਲਾ ਮੇਂ ਹੈਂ-ਔਰ ਹਮਨੇ ਬੰਗਲਾ ਕੇ ਆਸ਼ ਪਾਸ਼ ਬ੍ਰਿਟ੍ਰਿਸ਼ ਸ਼ੋਲਜਰ ਕਾ ਪਹਿਰਾ ਹੈ-ਤੁੰਮ ਜਾਉ-ਬੱਬਰ ਕੋ ਡਰਾਓ-ਹੰਮ ਟੂਮ ਕੋ ਇਨਾਮ ਡੇਗਾ-ਮੁਰਬਾ ਡੇਗਾ-ਜਗੀਰ ਡੇਗਾ-ਜਾਓ-ਜਾਓ... ... .. .

*(ਪਿਛੇ ਜਾਂਦਾ ਹੈ, ਜਦੋਂ ਪੁਲਿਸ ਵਾਲੇ ਰਤਨੀ ਨੂੰ ਲੇ ਕੇ ਆਉਂਦੇ ਹਨ। ਸਿਪਾਹੀ ਰਤਨੀ ਨੂੰ ਲਿਆ ਕੇ ਮੰਚ ਦੇ ਦਰਮਿਆਨ ਸੁੱਟਦੇ ਹਨ।)*

ਇਕ : ਦਸਦੀ ਏਂ ਕਿ ਨਹੀਂ ?

ਰਤਨੀ : ਨਹੀਂ ਦਸਦੀ-ਨਹੀਂ ਦਸਦੀ-

ਦੋ : ਅਸੀਂ ਤੇਰੀ ਜਾਨ ਪੀ ਜਾਵਾਂਗੇ-

ਰਤਨੀ : ਪੀ ਜਾਉ-ਜੇ ਇਸ ਤਰ੍ਹਾਂ ਹੀ ਰੱਜ ਆਉਂਦਾ ਏ ਦੁਸ਼ਟੋ

*(ਪਿਛੋਕੜ ਤੋਂ ਅੰਗਰੇਜ਼ ਦੀ ਆਵਾਜ਼ ਆਉਂਦੀ ਏ-ਅਗੜ ਨਹੀਂ ਸਮਝਤਾ ਤੋਂ ਉਨਕੇ ਬੁਢੋਂ ਕੀ ਦਾੜ੍ਹੀਆਂ ਖੀਂਚੋ-ਉਨਕਾ ਔਰਤੋਂ ਕੋ ਨੰਗਾ ਕਰੋ-ਹਾਂ-ਹਾਂ-)*

ਰਤਨੀ : ਖ਼ਬਰਦਾਰ ਰਾਕਸ਼ੋ, ਜੇ ਨੇੜੇ ਆਏ-

*(ਸਿਪਾਹੀ ਅੱਗੇ ਵੱਧਦੇ ਹਨ-ਪਰ ਫੇਰ ਰੁੱਕ ਜਾਂਦੇ ਹਨ)*

ਦੋ : ਅੱਛਾ ਨਹੀਂ ਨੇੜੇ ਆਉਂਦੇ, ਸਾਨੂੰ ਇਹ ਦਸਦੇ ਕੁੰਦਨ ਸਿੰਘ ਕਿਥੇ ਏ?

ਰਤਨੀ : ਮੈਨੂੰ ਨਹੀਂ ਪਤਾ-

ਇਕ : ਕੀ ਉਹ ਘਰ ਨਹੀਂ ਆਉਂਦਾ ?

ਰਤਨੀ : ਕਦੀ ਕਦੀ ਆਉਂਦਾ ਹੈ

ਦੋ : ਕੀ ਉਹ ਆਪਣਾ ਪਤਾ ਨਹੀਂ ਦਸਦਾ-

ਰਤਨੀ : ਮੈਂ ਕਦੀ ਪੁਛਿਆ ਨਹੀਂ-

ਇਕ : ਝੂਠ ਬੋਲਦੀ ਏ ਕਮਜ਼ਾਤ-

ਰਤਨੀ : ਮੂੰਹ ਸੰਭਾਲ ਕੇ ਬੋਲ-

ਦੋ : ਇਹ ਇਸ ਤਰ੍ਹਾਂ ਨਹੀਂ ਸਮਝੇਗੀ-

(ਧੱਕਾ ਦੇਂਦੇ ਨੇ ਤਾਈ ਉਹਨੂੰ ਸਾਂਭਦੀ ਏ)

ਤਾਈ : ਉਏ ਬੇਸ਼ਰਮੋ-ਤੁਹਾਡਾ ਕੱਖ ਨਾ ਰਹੇ-ਕਿਸੇ ਦੀ ਆਈ ਤੁਹਾਨੂੰ ਲੱਗੇ-ਇਹ ਕੀ ਕਹਿਰ ਪਏ ਕਮਾਂਦੇ ਹੋ ?

ਇਕ : ਤੂੰ ਵਿਚ ਨਾ ਬੋਲ ਮਾਈ।

ਤਾਈ : ਕਿਉਂ ਨਾ ਬੋਲਾਂ-ਪਿੰਡ ਵਾਲਿਓ ਤੁਸੀਂ ਕਿਉਂ ਨਹੀਂ ਬੋਲਦੇ ? ਕਿਥੇ ਗਈ ਤੁਹਾਡੀ ਸੂਰਮਗਤੀ ? ਤੁਹਾਡੇ ਸਾਹਮਣੇ ਪਿੰਡ ਦੀ ਧੀ ਭੈਣ ਨੂੰ ਖਵਾਰ ਕੀਤਾ ਜਾਏ ਤੇ ਤੁਸੀਂ ਮੂੰਹ ਵਿਚ ਘੁਗਣੀਆਂ ਪਾ ਕੇ ਖਲੋਤੇ ਰਵੋ-

*(ਲੋਕ ਅੱਗੇ ਵੱਧਦੇ ਨੇ ਸਿਪਾਹੀ ਪਿਛੇ ਹੱਟਦੇ ਨੇ-ਇਕ ਖਿਚਾਅ ਬਣਦਾ ਹੈ-ਦੁਰਗਾਦਾਸ ਅਗੇ ਹੋ ਕੇ ਮੌਕਾ ਸੰਭਾਲਦਾ ਹੈ।)*

ਦੁਰਗਾਦਾਸ : ਦੇਖੋ ਬਈ ਲੋਕੋ ਤੁਸੀਂ ਕਾਨੂੰਨ ਦੀਆਂ ਗੱਲਾਂ ਵਿਚ ਦਖ਼ਲ ਨਾ ਦੇਵੋ-

ਇਕ ਪੇਂਡੂ : ਇਸ ਤਰ੍ਹਾਂ ਕਿਸੇ ਅਬਲਾ ਨੂੰ ਖਵਾਰ ਕਰਨਾ ਕਾਨੂੰਨ ਨਹੀਂ-

ਦੁਰਗਾਦਾਸ : ਤੁਹਾਨੂੰ ਪਤਾ ਹੈ ਕਿ ਤੁਹਾਡੇ ਪਿੰਡ ਜ਼ੈਲਦਾਰ ਦਾ ਕਤਲ ਹੋਇਆ ਏ-

ਪੇਂਡੂ : ਹਾਂ ਹੋਇਆ ਏ-

ਦੁਰਗਾਦਾਸ : ਕਾਤਲ ਦਾ ਪਤਾ ਲਗਾਣਾ ਕਾਨੂੰਨ ਦਾ ਫਰਜ਼ ਏ-

ਪੇਂਡੂ : ਪਰ ਕੀ ਇਹ ਫਰਜ਼ ਨਿਭਾਇਆ ਜਾ ਰਿਹਾ ਏ ?

ਦੁਰਗਾਦਾਸ : ਸਾਨੂੰ ਸ਼ੱਕ ਏ ਕਿ ਇਹ ਕਤਲ ਬੱਬਰਾਂ ਨੇ ਕੀਤਾ ਏ-

ਤਾਈ : ਇਸ ਵਿਚ ਸ਼ੱਕ ਵਾਲੀ ਕਿਹੜੀ ਗੱਲ ਏ, ਇਹ ਕਤਲ ਉਹਨਾਂ ਨੇ ਹੀ ਕੀਤਾ ਹੈ-ਝੌਲੀਚੁਕਾਂ ਨੂੰ ਸੋਧਣਾਂ ਉਹਨਾਂ ਦੀ ਲਹਿਰ ਦਾ ਇਕ ਹਿੱਸਾ ਹੈ-

ਦੁਰਗਾਦਾਸ : ਪਰ ਕਿਹੜੇ ਬੱਬਰ ਨੇ ਕੀਤਾ, ਤੁਹਾਨੂੰ ਪਤਾ ਏ-

ਪੇਂਡੂ : ਸਾਨੂੰ ਨਹੀਂ ਪਤਾ-

ਦੁਰਗਾਦਾਸ : ਪਰ ਸਾਨੂੰ ਪਤਾ ਏ ਕਿ ਇਸ ਪਿੰਡ ਦਾ ਕੁੰਦਨ ਸਿੰਘ ਜਿਹੜਾ ਇਸ ਔਰਤ ਦਾ ਘਰ ਵਾਲਾ ਹੈ, ਬੱਬਰਾਂ ਨਾਲ ਜਾ ਰਲਿਆ ਹੈ ਅਤੇ ਇਹ ਕਤਲ ਉਸ ਨੇ ਕੀਤਾ ਹੈ-

ਤਾਈ : ਜੇ ਤੁਹਾਨੂੰ ਪਤਾ ਹੈ, ਫੇਰ ਤੁਸੀਂ ਇਹਨੂੰ ਕਿਉਂ ਤੰਗ ਕਰਦੇ ਹੋ-

ਦੁਰਗਾਦਾਸ : ਇਹਨੂੰ ਤਾਂ ਅਸੀਂ ਹਾਲੇ ਤੰਗ ਕਰਨਾ ਹੈ-ਥਾਣੇ ਜਾ ਕੇ ਬਿਠਾਉਣਾ ਹੈ ਤਾਂ ਜੋ ਕੁੰਦਨ ਸਿੰਘ ਆਪਣੇ ਆਪ ਨੂੰ ਸਾਡੇ ਹਵਾਲੇ ਕਰੇ-

ਪੇਂਡੂ : ਪਰ ਅਸੀਂ ਇਸ ਤਰ੍ਹਾਂ ਨਹੀਂ ਹੋਣ ਦਿਆਂਗੇ-

ਦੁਰਗਾਦਾਸ : ਤੂੰ ਕੌਣ ਏਂ ?

ਪੇਂਡੂ : ਪਿੰਡ ਦਾ ਇਕ ਬੰਦਾ ਤੇ ਅਸੀਂ ਜੀਉਂਦੇ ਜੀ ਇਹ ਅਨਰਥ ਨਹੀਂ

ਹੋਣ ਦਿਆਂਗੇ-

ਦੁਰਗਾਦਾਸ : ਵੇਖੀ ਜਾਏਗੀ-

ਇਕ ਪੇਂਡੂ : ਅਸੀਂ ਵੀ ਕੋਈ ਅਣਖ ਰੱਖਦੇ ਹਾਂ-

ਤਾਈ : ਤੁਹਾਡੇ ਸਾਹਬਾਂ ਦੀ ਇਕ ਮੇਮ ਨੂੰ ਅੰਮ੍ਰਿਤਸਰ ਹਾਲ ਬਜ਼ਾਰ ਵਿਖੇ ਕਿਸੇ ਨੇ ਕੁਝ ਆਖਿਆ ਤਾਂ ਤੁਸੀਂ ਉਥੇ ਜਲਿਆਂ ਵਾਲਾ ਬਾਗ਼ ਬਣਾ ਦਿੱਤਾ-ਵਲੈਤ ਤਾਰਾਂ ਖੜਕ ਗਈਆਂ ਕਿ ਅੰਗਰੇਜ਼ ਦੀ ਔਰਤ ਦੀ ਇਜ਼ਤ ਨੂੰ ਹੱਥ ਪੈ ਗਿਆ ਏ-ਕੀ ਤੁਸੀਂ ਸਾਨੂੰ ਏਨਾ ਬੇਅਣਖਾ ਸਮਝਦੇ ਹੋ ਕਿ ਅਸੀਂ ਆਪਣੀਆਂ ਅੱਖਾਂ ਅਗੇ ਆਪਣੀਆਂ ਧੀਆਂ ਨੂੰਹਾਂ ਦੀ ਖਵਾਰੀ ਚੁੱਪ ਵੇਖਦੇ ਰਹੀਏ-ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ-

ਸਾਰੇ : ਹਾਂ ਹਾਂ ਅਸੀਂ ਇਹ ਬਰਦਾਸ਼ਤ ਨਹੀਂ ਕਰਾਂਗੇ-

ਦੁਰਗਾਦਾਸ : ਦੇਖੋ ਲੋਕੋ ਕਾਨੂੰਨ ਨੂੰ ਆਪਣੇ ਹੱਥ ਵਿਚ ਨਾ ਲਵੋ-ਆਖਰ ਤੁਸੀਂ ਚਾਹੁੰਦੇ ਕੀ ਹੋ ?

ਪੇਂਡੂ : ਅਸੀਂ ਇਹੋ ਚਾਹੁੰਦੇ ਹਾਂ ਕਿ ਜੇ ਮੁਲਜ਼ਮ ਕੁੰਦਨ ਸਿੰਘ ਹੈ ਤਾਂ ਉਸ ਨੂੰ ਪਕੜੋ-ਤੁਹਾਡਾ ਕੋਈ ਹੱਕ ਨਹੀਂ ਕਿ ਤੁਸੀਂ ਉਹਦੀ ਤੀਵੀ ਨਾਲ ਜ਼ਬਰਦਸਤੀ ਕਰੋ-

ਦੁਰਗਾਦਾਸ : ਚਲੋ ਅਸੀਂ ਚਲੇ ਜਾਂਦੇ ਹਾਂ ਪਰ ਤੁਸੀਂ ਵਾਅਦਾ ਕਰੋ ਕਿ ਜੇਕਰ ਕੁੰਦਨ ਸਿੰਘ ਪਿੰਡ ਵਿਚ ਆਇਆ ਤਾਂ ਤੁਸੀਂ ਉਸਨੂੰ ਫੜਾਉਣ ਵਿਚ ਸਾਡੀ ਮਦਦ ਕਰੋਗੇ-

ਪੇਂਡੂ : ਅਸੀਂ ਇਹ ਕੁੱਤਾ ਕੰਮ ਕਿਉਂ ਕਰੀਏ ?

ਦੂਜਾ : ਹਾਂ ਹਾਂ ਅਸੀਂ ਕੁੱਤਾ ਕੰਮ ਕਿਉਂ ਕਰੀਏ-

*(ਲੋਕ ਵੱਧਦੇ ਹਨ, ਦੁਰਗਾਦਾਸ ਸਾਰੀ ਗੱਲ ਸਮਝਕੇ ਪਿਛੇ ਹੱਟਦਾ ਹੈ।)*

ਦੁਰਗਾਦਾਸ : (ਸਿਪਾਹੀਆਂ ਨੂੰ) ਤੁਸੀਂ ਸਾਰੇ ਪਿਛੇ ਹਟੋ (ਲੋਕਾਂ ਨੂੰ) ਪਿੰਡ ਵਾਲਿਓ ਹੁਣ ਤਾਂ ਅਸੀਂ ਜਾਂਦੇ ਹਾਂ-ਪਰ ਇਕ ਗੱਲ ਯਾਦ ਰੱਖੋ ਜੇਕਰ ਕੁੰਦਨ ਸਿੰਘ ਫੜਿਆ ਨਾ ਗਿਆ ਤਾਂ ਅਸੀਂ ਪਿੰਡ ਥੇਹ ਕਰ ਦਿਆਂਗੇ (ਤੇਜ਼ੀ ਨਾਲ ਜਾਂਦਾ ਹੈ) ਪਿੰਡ ਦੇ ਲੋਕ ਵੀ ਵਾਪਸ ਮੁੜਦੇ ਹਨ।

*(ਫੇਡ ਆਊਟ)*

## (ਸੀਨ ਛੇਵਾਂ)

(ਤਿੰਨ ਬੱਬਰ ਗੱਲਾਂ ਕਰ ਰਹੇ ਹਨ-ਇਕ ਜਥੇਦਾਰ ਹੈ-ਦੂਜਾ ਕੁੰਦਨ ਸਿੰਘ ਹੈ-ਤੀਜਾ ਦਾਰਾ ਸਿੰਘ-)

ਜਥੇਦਾਰ : ਸਾਥੀਓ, ਸਾਡੀ ਲਹਿਰ ਹੁਣ ਇਕ ਮੋੜ 'ਤੇ ਖੜੀ ਹੈ, ਮੋੜ ਨੂੰ ਦਲੇਰੀ ਅਤੇ ਅਕਲਮੰਦੀ ਨਾਲ ਲੰਘ ਗਏ ਤਾਂ ਛਾਲਾਂ ਮਾਰਦੇ ਅਗੇ ਵੱਧ ਸਕਾਂਗੇ, ਖੜੇ ਰਹੇ ਤਾਂ ਖਤਮ ਹੋ ਜਾਵਾਂਗੇ–

ਦਾਰਾ ਸਿੰਘ : ਪਰ ਜਥੇਦਾਰ ਵੜਿੰਗ ਹੋਰਾਂ ਦੇ ਫੜੇ ਜਾਣ ਦੇ ਬਾਅਦ ਕੀ ਸਾਡੇ ਵਿਚ ਅੱਗੇ ਵੱਧਣ ਦੀ ਹਿੰਮਤ ਹੈ ?

ਕੁੰਦਨ ਸਿੰਘ : ਹਿੰਮਤ ਕਿਉਂ ਨਹੀਂ–ਨਾਲੇ ਹੁਣ ਅਸੀਂ ਏਨਾਂ ਅੱਗੇ ਆ ਗਏ ਹਾਂ ਕਿ ਸਾਡੇ ਲਈ ਦੂਜਾ ਕੋਈ ਰਾਹ ਨਹੀਂ–ਅਸੀਂ ਇਸ ਸੰਘਰਸ਼ ਨੂੰ ਤੋੜ ਤੱਕ ਪੁਚਾਉਣਾ ਹੈ–ਅੰਗਰੇਜ਼ ਨਾਲ ਸਾਡੀ ਟੱਕਰ ਜ਼ਿੰਦਗੀ ਮੌਤ ਦਾ ਸਵਾਲ ਬਣ ਗਈ ਹੈ–

ਜਥੇਦਾਰ : ਸਾਡੀਆਂ ਕਾਰਵਾਈਆਂ ਨਾਲ ਲੋਕਾਂ ਵਚ ਉਭਾਰ ਆਇਆ ਹੈ–ਆਮ ਲੋਕ ਸਾਡੇ ਨਾਲ ਸਹਿਮਤ ਨੇ ਅਤੇ ਸਾਡੇ ਲਈ ਪੂਰੀ ਹਮਦਰਦੀ ਵੀ ਰੱਖਦੇ ਨੇ–

ਦਾਰਾ ਸਿੰਘ : ਪਰ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਹ ਹਾਲੇ ਡਰਦੇ ਨੇ ਖੁਲ੍ਹ ਕੇ ਅੱਗੇ ਨਹੀਂ ਆਉਂਦੇ–ਮੈਂ ਤਾਂ ਕਹਿਨਾਂ ਹਾਂ ਜਥੇਦਾਰ ਜੀ, ਇਹ ਵਿਚ ਉਹਨਾਂ ਦਾ ਕਸੂਰ ਨਹੀਂ, ਉਹਨਾਂ ਨੂੰ ਪੁਲਿਸ ਦੀਆਂ ਬੜੀਆਂ ਜ਼ਿਆਦਤੀਆਂ ਸਹਿਣੀਆਂ ਪੈਂਣੀਆਂ ਨੇ–ਜਿਥੇ ਜਿਥੇ ਵੀ ਅਸੀਂ ਕੋਈ ਐਕਸ਼ਨ ਕੀਤਾ ਹੈ, ਪੁਲਿਸ ਨੇ ਅੰਨ੍ਹਾਂ ਜ਼ੁਲਮ ਢਾਹਿਆ ਹੈ–ਸਾਰੇ ਪਿੰਡ ਨੂੰ ਘਰਾਂ ਵਿਚੋਂ ਕੱਢ ਕੇ ਸਾਰਾ ਸਾਰਾ ਦਿਨ ਧੁੱਪਾਂ ਵਿਚ ਖਲਾਰੀ ਰੱਖਣਾ–ਮਾਲ ਡੰਗਰ ਖੋਲ੍ਹਕੇ ਲੈ ਜਾਣਾ–ਖੇਤਾਂ ਦੇ ਖੇਤ ਸਾੜ ਦੇਣੇ–ਇਹ ਸਭ ਕੁਝ ਤਾਂ ਉਹ ਕਰਦੇ ਨੇ।

ਕੁੰਦਨ : ਫੇਰ ਤੇਰਾ ਕੀ ਖਿਆਲ ਏ ਇਹਨਾਂ ਗੱਲਾਂ ਤੋਂ ਡਰਦੇ ਅਸੀਂ ਆਪਣਾ ਸੰਘਰਸ਼ ਬੰਦ ਦੇਈਏ–ਬੁਜ਼ਦਿਲ ਨੇ ਤਾਂ ਹਮੇਸ਼ਾਂ ਡਰਨਾ ਹੀ ਹੁੰਦਾ ਹੈ–

ਦਾਰਾ : ਹਰ ਇਕ ਨੂੰ ਆਪਣੇ ਵਰਗਾ ਨਹੀਂ ਸਮਝਣਾ ਚਾਹੀਦਾ–ਜਿਸ 'ਤੇ ਪੈਂਦੀ ਹੈ ਉਹੀ ਜਾਣਦਾ ਹੈ–

ਕੁੰਦਨ : ਮੇਰੇ 'ਤੇ ਪਈ ਹੈ, ਇਸੇ ਲਈ ਮੈਂ ਕਹਿ ਰਿਹਾ ਹਾਂ–ਮੇਰੇ ਆਪਣੇ ਘ ਵਾਲਿਆਂ 'ਤੇ ਕਿਹੜਾ ਜ਼ੁਲਮ ਨਹੀਂ ਹੋਇਆ–ਪਰ ਮੈਂ ਆਪ ਮਿਲ ਕੇ ਆਇਆਂ ਹਾਂ–ਉਹ ਵੀ ਤੇ ਸਾਰੇ ਪਿੰਡ ਵਾਲੇ ਪੂਰੇ ਉਤਸ਼ਾਹ ਵਿਚ ਨੇ–ਤੇ ਇਹੀ ਸਾਡੀ ਲਹਿਰ ਦੀ ਚੱੜਤ ਦੀ ਨਿਸ਼ਾਨੀ ਏ–

ਦਾਰਾ : ਮੇਰੇ ਇਸ ਬਾਰੇ ਵਿਚਾਰ ਤੁਹਾਡੇ ਨਾਲ ਨਹੀਂ ਮਿਲਦੇ–ਲੋਕਾਂ ਨੂੰ ਬੈਠੇ ਬਿਠਾਏ ਮੁਸੀਬਤ ਵਿਚ ਪਾਉਣ ਦਾ ਸਾਡਾ ਕੋਈ ਹੱਕ ਨਹੀਂ–

ਜਥੇਦਾਰ : ਦਾਰਾ ਸਿੰਘ ਜੀ, ਇਸ ਬਾਰੇ ਅਸੀਂ ਪਹਿਲੇ ਹੀ ਫ਼ੈਸਲਾ ਲੈ ਲਿਆ

ਏ-ਕਿ ਜਦੋਂ ਵੀ ਕੋਈ ਪੁਲਿਸ ਟਾਊਟ ਜਾਂ ਝੌਲੀ ਚੁੱਕ ਸੋਧਿਆ ਜਾਏ ਤਾਂ ਦੋ ਤਿੰਨ ਮਿਥੇ ਹੋਏ ਨਾਵਾਂ ਦਾ ਐਲਾਨ ਕੀਤਾ ਜਾਵੇ ਕਿ ਐਕਸ਼ਨ ਉਹਨਾਂ ਨੇ ਕੀਤਾ, ਇਸ ਤਰ੍ਹਾਂ ਆਮ ਲੋਕਾਂ ਨੂੰ ਉਸ ਮੁਸੀਬਤ ਤੋਂ ਛੁਟਕਾਰਾ ਮਿਲ ਜਾਏ, ਜਿਹੜੀ ਪੁੱਛ ਗਿੱਛ ਵੇਲੇ ਉਹਨਾਂ ਨੂੰ ਪੁਲਿਸ ਦੇ ਹੱਥੋਂ ਸਹਿਣੀ ਪੈਂਦੀ ਹੈ-

ਕੁੰਦਨ : ਹਾਂ ਇਹ ਠੀਕ ਫ਼ੈਸਲਾ ਏ ਜਥੇਦਾਰ ਜੀ, ਇਸ ਤਰ੍ਹਾਂ ਇਕ ਪਾਸੇ ਲੋਕ ਸਾਡੀ ਦਲੇਰੀ ਦੀ ਸ਼ਲਾਘਾ ਕਰਨਗੇ, ਦੂਜੇ ਪਾਸੇ ਉਹ ਨਜਾਇਜ਼ ਤੰਗੀ ਤੋਂ ਵੀ ਬੱਚ ਜਾਣਗੇ-

ਦਾਰਾ : ਪਰ ਇਸ ਤਰ੍ਹਾਂ ਤਾਂ ਸਾਫ਼ ਹੈ ਕਿ ਐਲਾਨ ਹੋਏ ਨਾ ਕਤਲ ਨੇ ਤੇ ਫੜੇ ਜਾਣਦੇ ਬਾਅਦ ਉਹਨਾਂ ਦੀ ਫ਼ਾਂਸੀ ਦੇ ਸਿਵਾ ਹੋਰ ਕੋਈ ਸਜ਼ਾ ਵੀ ਨਹੀਂ ਹੋ ਸਕੇਗੀ-

ਕੁੰਦਨ : ਤੇ ਤੁਹਾਡਾ ਕੀ ਖਿਆਲ ਦੇ ਕਿ ਜੇਕਰ ਇਕ ਵਾਰੀ ਫੜੇ ਗਏ ਤਾਂ ਫਾਂਸੀ ਦੇ ਉਰੇ ਹੋਰ ਵੀ ਕੋਈ ਸਜ਼ਾ ਹੋਏਗੀ-ਬਾਕੀ ਜਥੇਦਾਰ ਜੀ ਇਸ ਗੱਲ ਬਾਰੇ ਵਿਚਾਰ ਕੀਤੀ ਜਾਏ ਕਿ ਜਿਹੜਾ ਕੋਈ ਪੁਲਿਸ ਵਾਲਾ ਕੋਈ ਨਜਾਇਜ਼ ਹਰਕਤ ਕਰਦਾ ਹੈ-ਉਹਨੂੰ ਵੀ ਸੋਧਣ ਦਾ ਪ੍ਰੋਗਰਾਮ ਬਣਾ ਲਿਆ ਜਾਵੇ ਤਾਂ ਜੋ ਅਗੋਂ ਤੋਂ ਕਿਸੇ ਦੀ ਧੀ ਭੈਣ ਨੂੰ ਹੱਥ ਪਾਉਣ ਲਗਿਆ ਸੌ ਵਾਰੀ ਸੋਚਣ-

ਦਾਰਾ : ਪਰ ਇਸ ਵਿਚ ਉਹਨਾਂ ਦਾ ਕੀ ਕਸੂਰ ਏ-ਉਹ ਤਾਂ ਆਪਣੇ ਅਫ਼ਸਰਾਂ ਦੇ ਇਸ਼ਾਰੇ ’ਤੇ ਸਭ ਕੁਝ ਕਰਦੇ ਨੇ-

ਕੁੰਦਨ : ਤਾਂ ਫੇਰ ਇਕ ਅੱਧਾ ਅਫ਼ਸਰ ਸੋਧ ਦੇਈਏ-

ਜਥੇਦਾਰ : ਪਰ ਕੁੰਦਨ ਸਿੰਘ, ਇਹ ਗੱਲ ਏਨੀ ਸਿੱਧੀ ਨਹੀਂ, ਇਸ ਤਰ੍ਹਾਂ ਅਸੀਂ ਅਸਲੀ ਨਿਸ਼ਾਨੇ ਤੋਂ ਉਕ ਜਾਵਾਂਗੇ ਲੋਕ ਇਹੀ ਸਮਝਣਗੇ ਕਿ ਬੱਬਰਾਂ ਡਾਕੂਆਂ ਲੁਟੇਰਿਆਂ ਦਾ ਟੋਲਾ ਏ-ਹਕੂਮਤ ਉਹਨਾਂ ਨੂੰ ਮਾਰਦੀ ਏ-ਤੇ ਉਹ ਹਕੂਮਤ ਨੂੰ ਮਾਰਦੇ ਨੇ-

ਕੁੰਦਨ : ਪਰ ਜਦੋਂ ਅਸੀਂ ਝੋਲੀ ਚੁੱਕ ਮਾਰਦੇ ਹਾਂ ਜਾਂ ਸ਼ਾਹੂਕਾਰਾਂ ਨੂੰ ਲੁਟਦੇ ਹਾਂ-ਤਾਂ ਉਸ ਹਾਲਾਤ ਵਿਚ ਵੀ ਇਹ ਗੱਲ ਕਹੀ ਜਾ ਸਕਦੀ ਹੈ-

ਜਥੇਦਾਰ : ਨਹੀਂ ਇਸ ਤਰ੍ਹਾਂ ਨਹੀਂ, ਜਦੋਂ ਰਾਣੀ ਪੁਰ ਦੇ ਜ਼ੈਲਦਾਰ ਵਾਲਾ ਐਕਸ਼ਨ ਹੋਇਆ, ਸਾਡਾ ਇਲਾਕੇ ਵਿਚ ਵਿਕਾਸ ਵਧਿਆ-ਜ਼ੈਲਦਾਰ ਨੇ ਗਦਰਾ ਨੂੰ ਪਕੜਾਇਆ ਸੀ-ਹਰ ਕਿਸਮ ਦੀ ਝੂਠੀ ਗਵਾਹੀ ਦੇ ਕੇ ਲੋਕਾਂ ਨੂੰ ਪਕੜਾਇਆ ਸੀ-ਹਰ ਕਿਸਮ ਦੀ ਝੂਠੀ ਗਵਾਹੀ ਦੇ ਕੇ ਲੋਕਾਂ ਨੂੰ ਤੰਗ ਕੀਤਾ ਹੋਇਆ ਸੀ-ਪਰ ਮੈਂ ਸਮਝਨਾ ਵਾਂ ਕਿ ਭਾਵੇਂ ਕਰਨ ਵਾਲਾ ਮੈਂ ਆਪ ਸਾਂ-ਸ਼ਾਹ ਵਿਰੁੱਧ ਕਾਰਵਾਈ

ਕੋਈ ਬਹੁਤੀ ਠੀਕ ਨਹੀਂ ਸੀ-

ਕੁੰਦਨ : ਉਥੇ ਠੀਕ ਹੋਣ ਜਾਂ ਨਾ ਠੀਕ ਹੋਣ ਵਾਲਾ ਸਵਾਲ ਨਹੀਓਂ ਪੈਦਾ ਹੁੰਦਾ-ਉਹ ਕਾਰਵਾਈ ਅਸੀਂ ਪੈਸੇ ਲਈ ਕੀਤੀ ਹੈ-

ਜਥੇਦਾਰ : ਇਹ ਠੀਕ ਏ ਸਾਨੂੰ ਪੈਸਾ ਚਾਹੀਦਾ ਏ-ਹਥਿਆਰ ਲੈਣ ਲਈ ਜਿੰਨੀ ਰਕਮ ਸਾਡੇ ਕੋਲ ਬਹੁਤੀ ਹੋਵੇਗੀ-ਓਨਾ ਸਾਡਾ ਕੰਮ ਸੌਖਾ ਹੋਵੇਗਾ ਪਰ ਅਸੀਂ ਜੇਕਰ ਸ਼ਾਹਾਂ ਕੋਲੋਂ ਖੋਹਾ ਖਾਹੀ ਨੂੰ ਆਪਣਾ ਪ੍ਰੋਗਰਾਮ ਬਣਾਇਆ ਤਾਂ ਸਾਡਾ ਕੋਈ ਪ੍ਰਭਾਵ ਨਹੀਂ ਪਏਗਾ-

ਕੁੰਦਨ : ਕਿਉਂ ? ਸ਼ਾਹਾਂ ਦੀ ਕਮਾਈ ਕੋਈ ਨੇਕ ਕਮਾਈ ਨਹੀਂ-

ਜਥੇਦਾਰ : ਪਰ ਅੰਗਰੇਜ਼ ਦੇ ਵਿਰੁੱਧ ਸੰਘਰਸ਼ ਇਹੋ ਜਿਹੀਆਂ ਕਾਰਵਾਈਆਂ ਨਾਲ-ਅਸਲ ਨਿਸ਼ਾਨਾ ਲੋਕਾਂ ਕੋਲੋਂ ਅਖੋਂ ਪਰੋਖੇ ਹੋ ਜਾਂਦਾ ਹੈ-ਅੰਗਰੇਜ਼ਾਂ ਨੂੰ ਇਥੋਂ ਕੱਢਣ ਦੇ ਬਾਅਦ ਅਸੀਂ ਸ਼ਾਹਾਂ ਨਾਲ ਨਿੱਬੜ ਸਕਦੇ ਹਾਂ-

ਦਾਰਾ : ਸ਼ਾਹਾਂ ਨੂੰ ਹਮੇਸ਼ਾਂ ਡਾਕੂ ਹੀ ਲੁੱਟਦੇ ਰਹੇ ਨੇ-ਜੇ ਲੋਕ ਸਾਨੂੰ ਵੀ ਡਾਕੂ ਕਹਿਣ ਲਗ ਪੈਣ ਤਾਂ ਉਹ ਬਹੁਤੇ ਗ਼ਲਤ ਨਹੀਂ ਹੋਣਗੇ-

ਕੁੰਦਨ : ਐਵੇਂ ਡਾਕੂ ਕਹਿਣ ਲਗ ਪੈਣ-ਸਾਨੂੰ ਲੋਕਾਂ ਦੀ ਸਮਝ ਤੇ ਵਿਸ਼ਵਾਸ ਚਾਹੀਦਾ ਏ-

ਜਥੇਦਾਰ : ਖੈਰ, ਇਸ ਬਾਰੇ ਕੇਂਦਰੀ ਕਮੇਟੀ ਨੇ ਫ਼ੈਸਲਾ ਕੀਤੀ ਹੈ ਕਿ ਇਸ ਕਿਸਮ ਦੀ ਹਰ ਕਾਰਵਾਈ ਹਾਂ ਪੱਖੀ ਤੇ ਨਾਂ ਪੱਖੀ ਦੋਨੋਂ ਪਹਿਲੂਆਂ ਨੂੰ ਸੋਚ ਕ ਕੀਤੀ ਜਾਏ, ਪਰ ਜਿਹੜੇ ਮਾਮਲੇ ਬਾਰੇ ਅੱਜ ਦੀ ਮੀਟਿੰਗ ਬੁਲਾਈ ਗਈ ਏ, ਉਹ ਉਸ ਵਰਤਾਰੇ ਬਾਰੇ ਹੈ, ਜਿਹਦੀ ਸਾਨੂੰ ਸੂਹ ਲਗੀ ਹੈ-

ਕੁੰਦਨ : ਕੀ ਸੂਹ ਲਗੀ ਹੈ ਜਥੇਦਾਰ ਜੀ ?

ਜਥੇਦਾਰ : ਅਸਾਂ ਨੂੰ ਪਤਾ ਲਗਾ ਹੈ ਕਿ ਪੁਲਿਸ ਜਤਨ ਕਰ ਰਹੀ ਹੈ ਕਿ ਆਪਣੇ ਬੰਦਿਆਂ ਨੂੰ ਸਾਡੇ ਵਿਚ ਘਸੋੜੇ ਜਾਂ ਸਾਡੇ ਬੰਦਿਆਂ ਨੂੰ ਲਾਲਚ ਦੇ ਕੇ ਖਰੀਦੇ-

ਦਾਰਾ : ਇਹ ਤੁਹਾਨੂੰ ਐਵੇਂ ਵਹਿਮ ਹੈ-ਭਲਾ ਲਾਲਚ ਨਾਲ ਬੱਬਰ ਖਰੀਦੇ ਜਾ ਸਕਦੇ ਨੇ ?

ਜਥੇਦਾਰ : ਮੈਂ ਮੰਨਦਾ ਹਾਂ ਕਿ ਨਹੀਂ ਖਰੀਦੇ ਜਾ ਸਕਦੇ ਪਰ ਸਾਨੂੰ ਪੂਰਾ ਧਿਆਨ ਰੱਖਣਾ ਚਾਹੀਦਾ ਏ-

*(ਬਾਹਰੋਂ ਕਿਸ਼ਨ ਸਿੰਘ ਆਉਂਦਾ ਹੈ।)*

ਜਥੇਦਾਰ : ਕਿਸ਼ਨ ਸਿੰਘ ਤੁਸੀਂ ਅੰਦਰ ਕਿਉਂ ਆਏ ਹੋ-ਤੁਹਾਡਾ ਤੇ ਬਾਹਰ ਪਹਿਰਾ ਸੀ-

ਕਿਸ਼ਨ ਸਿੰਘ : ਜਨਾਬ ਇਕ ਤੀਵੀ ਆਈ ਹੈ–ਉਹ ਆਖਦੀ ਹੈ–ਤੁਸਾਂ ਨੂੰ ਮਿਲਣਾ ਹੈ–ਕਾਰਨ ਕੋਈ ਨਹੀਂ ਦੱਸਦੀ–ਸਿਰਫ਼ ਇਕ ਵਾਰ ਤੁਹਾਨੂੰ ਮਿਲਣ ਨੂੰ ਕਹਿ ਰਹੀ ਹੈ–

ਜਥੇਦਾਰ : ਪਰ ਉਹ ਆਈ ਕਿਥੋਂ ਹੈ ?

ਕਿਸ਼ਨ ਸਿੰਘ : ਉਹ ਕਹਿੰਦੀ ਹੈ, ਉਹ ਸਿਰਫ਼ ਤੁਹਾਨੂੰ ਦਸੇਗੀ–

ਜਥੇਦਾਰ : ਪਰ ਉਹ ਇਥੇ ਆ ਕਿਵੇਂ ਗਈ ?

ਕਿਸ਼ਨ : ਕੀ ਪਤਾ ?

ਜਥੇਦਾਰ : ਕਿਤੇ ਉਹਦੇ ਪਿਛੇ ਪੁਲਿਸ ਨਾ ਹੋਵੇ ਨਹੀਂ ਤਾਂ 'ਕਲੀ ਐਡੀ ਦੂਰ ਜੰਗਲਾਂ ਵਿਚ ਕਿਵੇਂ ਆ ਸਕਦੀ ਏ–

ਕਿਸ਼ਨ ਸਿੰਘ : ਉਹ ਤਾਂ ਸਹੁੰਆ ਖਾਂਦੀ ਏ ਕਿ ਉਸਦੇ ਨਾਲ ਕੋਈ ਨਹੀਂ–ਉਹ ਬੱਬਰਾਂ ਦੀ ਮਿੱਤਰ ਏ–ਕੋਈ ਦੁਸ਼ਮਣ ਨਹੀਂ–ਉਹ ਕਿਸੇ ਖ਼ਤਰੇ ਦੀ ਚਿਤਾਵਨੀ ਕਰਾਉਣਾ ਚਾਹੁੰਦੀ ਏ–

ਜਥੇਦਾਰ ; ਚੰਗਾ ਮੇਰੇ ਨਾਲ ਆ, ਮੈਂ ਉਹਦੀ ਗੱਲ ਸੁਣਦਾ ਹਾਂ–

*(ਜਥੇਦਾਰ ਜਾਂਦਾ ਹੈ।)*

ਦਾਰਾ : ਜਥੇਦਾਰ ਹੋਰੀਂ ਵੀ ਅੀਜਬ ਨੇ, ਉਹਨਾਂ ਨੂੰ ਹਰ ਵੇਲੇ ਇਹੀ ਵਹਿਮ ਰਹਿੰਦਾ ਏ ਕਿ ਖ਼ੁਫੀਏ ਲਹਿਰ ਵਿਚ ਆ ਗਏ ਨੇ–

ਕੁੰਦਨ : ਵਹਿਮ ਕਿਉਂ ਏ ? ਜਥੇਦਾਰ ਵੜਿੰਗ ਹੋਰਾਂ ਦੀ ਗ੍ਰਿਫ਼ਤਾਰੀ ਵੀ ਇਸੇ ਤਰ੍ਹਾਂ ਕਿਸੇ ਦੇਸ਼ ਧਰੋਹੀ ਦੀ ਹੀ ਸਾਜਸ਼ ਸੀ–ਪਤਾ ਨਹੀਂ ਉਹ ਕਿਉਂ ਧੋਖਾ ਖਾ ਗਏ–ਪਰ ਬਚਿਆ ਉਹ ਵੀ ਨਹੀਂ ਬਦਜ਼ਾਤ ਅਗਲੇ ਦਿਨ ਫੁੰਡ ਸੁੱਟਿਆ ਸਾਥੀਆਂ ਨੇ–

ਦਾਰਾ : ਫੁੰਡ ਸੁੱਟਿਆ–ਪਰ ਉਹ ਕੌਣ ਸੀ ?

ਕੁੰਦਨ : ਨਾਂ ਤਾਂ ਹਾਲੇ ਪਤਾ ਲਹੀਂ ਲਗ ਸਕਿਆ–ਪਰ ਏਨਾ ਪਤਾ ਏ ਕਿ ਉਹ ਐਕਸ਼ਨ ਏਨਾ ਜਲਦੀ ਹੋਇਆ ਕਿ ਸਾਰੇ ਝੋਲੀ ਚੁੱਕਾਂ ਦੀ ਨੀਂਦ ਹਰਾਮ ਹੋ ਗਈ ਤੇ ਮਹਿਲ ਪੁਰੀਆ ਜ਼ੈਲਦਾਰ ਰਾਮ ਨਰਾਇਣ ਸਿੰਘ ਤਾਂ ਡਰ ਨਾਲ ਹੀ ਚਲਾਣਾ ਕਰ ਗਿਆ–

ਦਾਰਾ : ਉਹ ਕਿਸ ਤਰ੍ਹਾਂ ?

ਕੁੰਦਨ : ਉਹਨੂੰ ਜਦੋਂ ਪਤਾ ਲੱਗਾ ਕਿ ਬੱਬਰ ਉਸਨੂੰ ਸੋਧਣ ਵਾਸਤੇ ਫਿਰਦੇ ਨੇ ਤਾਂ ਲਗੀਆਂ ਉਹਨੂੰ ਗਸ਼ੀਆਂ ਪੈਣ–ਇਕ ਰਾਤ ਲੰਮੇ ਪਿਆ ਆਪ ਮੁਹਾਰਾ ਹੀ ਰੌਲਾ ਚੁੱਕ ਲਿਆ 'ਆ ਪਏ ਬੱਬਰ ਆ ਪਏ ਲੋਕੋ ਮੈਨੂੰ ਛੁਡਾਓ–ਹਾਏ ਮਾਰ ਸੁੱਟਿਆ' ਲਾਗੇ ਮੰਜਿਆਂ ਤੋਂ ਉੱਠ ਕੇ ਅਜੇ ਘਰ ਵਾਲੇ ਉਸ ਕੋਲ ਪੁੱਜੇ ਵੀ ਨਹੀਂ ਸਨ ਕਿ ਉਸਨੇ ਦਮ ਤੋੜ ਦਿੱਤਾ–

ਦਾਰਾ : ਦਮ ਤੋੜ ਦਿੱਤਾ, ਮੈਨੂੰ ਤਾਂ ਇਹ ਗੱਲ ਸੱਚੀ ਨਹੀਂ ਲੱਦੀ-ਅਣਹੋਣੀ ਜਹੀ-

*(ਜਥੇਦਾਰ ਆਉਂਦਾ ਹੈ)*

ਜਥੇਦਾਰ : ਦਾਰਾ ਸਿਆਂ ਕੁਝ ਗੱਲਾਂ ਸੱਚੀਆਂ ਹੁੰਦੀਆਂ ਨੇ-ਪਰ ਏਨੀਆਂ ਅਣਹੋਣੀਆਂ ਕਿ ਝੂਠੀਆਂ ਲਗਣ ਲਗ ਪੈਂਦੀਆਂ ਨੇ ਤੇ ਉਹਨਾਂ ਵਿਚ ਇਕ ਅਣਹੋਣੀ ਇਹ ਹੋ ਗਈ ਕਿ ਦਾਰਾ ਸਿੰਘ ਵਰਗਾ ਅਜ਼ਮਾਇਆ ਹੋਇਆ ਬੱਬਰ ਬੇਈਮਾਨ ਹੋ ਗਿਆ-ਦੇਸ਼ ਧਰੋਹੀ ਹੋ ਗਿਆ।

ਕੁੰਦਨ : ਕੀ ਕਹਿੰਦੇ ਹੋ ਜਥੇਦਾਰ ਜੀ ?

ਜਥੇਦਾਰ : ਠੀਕ ਕਹਿੰਦਾ ਹਾਂ-ਬਾਹਰ ਏਹਦੀ ਤੀਵੀ ਖੜੀ ਏ-ਉਹਨੇ ਦੱਸਿਆ ਕਿ ਇਹ ਪੁਲਿਸ ਦੇ ਕੋਲ ਵਿਕ ਗਿਆ ਏ-ਇਸ ਦੀ ਨਿਸ਼ਾਨੀ ਇਕ ਡਾਇਰੀ ਇਸਦੀ ਜੇਬ ਵਿਚ ਏ-(ਡਾਇਰੀ ਕੱਢਦਾ ਹੈ) ਦਾਰਾ ਸਿੰਘ ਸਾਡੇ ਕੋਲ ਸਮਾਂ ਨਹੀਂ-ਪੁਲਿਸ ਆ ਰਹੀ ਏ ਤੇਰੀ ਸਜ਼ਾ ਤਾਂ ਇਕੋ ਹੀ ਹੈ ਉਹ ਹੈ ਮੌਤ-ਪਰ ਉਸ ਤੀਵੀ ਨੂੰ ਅਸੀਂ ਤੇਰੀ ਜਾਨਬਖਸ਼ੀ ਦਾ ਬਚਨ ਦੇ ਦਿੱਤਾ ਹੈ-ਇਸ ਲਈ ਤੈਨੂੰ ਇਥੇ ਹੀ ਛੱਡਦੇ ਹਾਂ-ਪਰ ਇਕ ਗੱਲ ਏ ਕਿ ਜੇ ਤੂੰ ਉਸ ਬੀਬੀ ਨੂੰ ਤੰਗ ਕੀਤਾ ਜਾਂ ਹੋਰ ਕੋਈ ਗਲਤ ਕਾਰਵਾਈ ਕੀਤੀ-ਤਾਂ ਸਜ਼ਾ ਦੇਣ ਦਾ ਸਾਡਾ ਹੱਕ ਹਰ ਵੇਲੇ ਰਾਖਵਾਂ ਹੈ-

*(ਦਾਰਾ ਸਿੰਘ ਸ਼ਰਮਿੰਦਾ ਹੈ।)*

ਕੁੰਦਨ : ਜਥੇਦਾਰ ਜੀ-ਇਯ ਗ਼ਦਾਰ ਨੇ ਤਾਂ ਗ਼ਦਾਰੀ ਕੀਤੀ ਪਰ ਮੈਨੂੰ ਉਸ ਬੀਬੀ ਦੇ ਦਰਸ਼ਨ ਕਰਨ ਦਿਓ ਜਿਸਨੇ ਇਤਨਾ ਹੌਂਸਲਾ ਵਿਖਾਇਆ-

ਜਥੇਦਾਰ : ਸਾਥੀਆ ! ਜੇ ਬੇਦਾਅਵਾ ਲੈਣ ਵਾਲੇ ਸਿੰਘ ਜੀਂਦੇ ਸਨ ਤਾਂ ਬੀਬੀ ਭਾਗੋ ਵਰਗੀਆਂ ਸਿੰਘਣੀਆਂ ਵੀ ਉਸ ਇਤਿਹਾਸ ਦਾ ਹਿੱਸਾ ਸਨ-ਤੇ ਇਹ ਇਤਿਹਾਸ ਅੱਜ ਵੀ ਜ਼ਿੰਦਾ ਹੈ-ਗੁਰੂ ਗੋਬਿੰਦ ਸਿੰਘ ਦੀਆਂ ਧੀਆਂ ਹਾਲੀ ਵੀ ਇਸ ਧਰਤੀ 'ਤੇ ਜ਼ਿੰਦਾ ਹਨ-ਪਰ ਸਾਥੀਆ ! ਪਤਾ ਨਹੀਂ ਧੁਰਾਂ ਤੋਂ ਇਸ ਦੇਸ਼ ਦੀ ਤਕਦੀਰ ਵਿਚ ਲਿਖਿਆ ਕਿ ਉਹ ਹਮੇਸ਼ਾਂ ਆਪਣਿਆਂ ਦੇ ਹਥੋਂ ਹੀ ਤਬਾਹ ਹੋਇਆ ਹੈ-

ਕੁੰਦਨ : ਅਸੀਂ ਉਨ੍ਹਾਂ ਸੱਪਾਂ ਤੋਂ ਨਹੀਂ ਡਰਦੇ ਜਿਨ੍ਹਾਂ ਸੱਪਾਂ ਦੇ ਅਸੀਂ ਘੇਰੇ 'ਚ ਹਾਂ ਸਾਨੂੰ ਤੇ ਉਨ੍ਹਾਂ ਸੱਪਾਂ ਤੋਂ ਖਤਰਾ ਹੈ-ਜੋ ਸੱਪ ਸਾਡੀ ਬੁੱਕਲ 'ਚ ਨੇ-

*(ਬਾਹਰ ਜਾਂਦੇ ਹਨ...ਫੇਡ ਆਊਟ)*

## (ਸੀਨ ਸਤਵਾਂ)

(ਇਕ ਸਰਕਾਰੀ ਢੰਡੋਰੇ ਵਾਲਾ ਆਉਂਦਾ ਹੈ।)

ਢੰਡੋਰਾ : ਸੁਣੋ ਸੁਣੋ ਹੁਕਮ ਬਾਦਸ਼ਾਹ ਦਾ ਖ਼ਲਕਤ ਖ਼ੁਦਾ ਦੀ, ਸਾਰੇ ਇਲਾਕੇ ਨੂੰ ਇਹ ਖੁਸ਼ੀ ਦੀ ਖ਼ਬਰ ਦਿੱਤੀ ਜਾਂਦੀ ਹੈ-ਕਿ ਕੁਝ ਸਿਰ ਫਿਰੇ ਲੋਕ ਜਿਹੜੇ ਆਪਣੇ ਆਪ ਨੂੰ ਬੱਬਰ ਕਹਿੰਦੇ ਸਨ, ਪੂਰੀ ਤਰ੍ਹਾਂ ਕਾਬੂ ਕਰ ਲਏ ਗਏ ਹਨ-ਅਮਨ ਪਸੰਦ ਲੋਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਉਹਨਾਂ ਲੋਕਾਂ ਦੀ ਸੂਹ ਦੇਣ ਜਿਹੜੇ ਬੱਬਰਾਂ ਦੇ ਹਮਦਰਦ ਸਨ-ਉਹਨਾਂ ਨੂੰ ਸਰਕਾਰ ਵੱਲੋਂ ਵੱਡੇ ਤੋਂ ਵੱਡਾ ਇਨਾਮ ਦਿੱਤਾ ਜਾਏਗਾ-

*(ਇਹ ਕਹਿ ਕੇ ਚਲਾ ਜਾਂਦਾ ਹੈ।ਅੰਗਰੇਜ਼ ਤੇ ਦੁਰਗਾਦਾਸ ਸਟੇਜ 'ਤੇ ਆਉਂਦੇ ਹਨ।)*

## (ਸੀਨ ਅੱਠਵਾਂ)

(ਪੁਲਿਸ ਥਾਣਾ ਅੰਗਰੇਜ਼ ਸਾਰਜੈਂਟ ਦੁਰਗਾਦਾਸ ਐਸ.ਪੀ. ਨਾਲ ਗੱਲਾਂ ਕਰ ਰਿਹਾ ਹੈ।)

ਅੰਗਰੇਜ਼ : ਦੁਰਗਾਦਾਸ ਹਮ ਤੁਮ ਪਰ ਬਹੁਤ ਖੁਸ਼ ਹੈ-ਮਗਰ ਹਮਾਰਾ ਕਾਮ ਅਭੀ ਖਤਮ ਨਹੀਂ ਹੂਆ-

ਦੁਰਗਾਦਾਸ : ਜਨਾਬ ਬੱਬਰ ਲਹਿਰ ਦੇ ਸਾਰੇ ਵਡੇ ਲੀਡਰ ਪਕੜ ਲਏ ਗਏ ਨੇ ਤੇ ਲਹਿਰ ਕੁਚਲ ਦਿੱਤੀ ਗਈ ਏ-

ਅੰਗਰੇਜ਼ : ਯੇਹ ਤੁੰਮ ਠੀਕ ਕਹਿਟਾ ਹੈ ਕਿ ਯੇ ਲਹਿਰ ਕੁੱਚਲ ਦੀ ਗਈ ਹੈ-ਮਗਰ ਔਰ ਲਹਿਰ ਭੀ ਉਠ ਸਕਟਾ ਹੈ-ਹਮ ਨੇ ਗਦਰ ਲਹਿਰ ਕੋ ਖਤਮ ਕੀਆ ਤੋ ਬੱਬਰ ਲਹਿਰ ਉਠ ਖੜਾ ਹੂਆ-ਅਭ ਬੱਬਰ ਲਹਿਰ ਖਤਮ ਕੀਆ ਤੋ ਔਰ ਲਹਿਰ ਉਠ ਸਕਤਾ ਹੈ-ਹਮ ਚਾਹਟਾ ਹੈ ਕਿ ਹਮਾਰੇ ਪਾਸ ਲਿਸਟ ਬਣੇ-ਉਸ ਸਭ ਲੋਕੋ ਕਾ ਜੋ ਬੱਬਰ ਕਾ ਰਿਸ਼ਤੇਦਾਰ ਹੈ-ਬੱਬਰ ਦਾ ਦੋਸਤ ਰਹਾ ਹੈ-ਬੱਬਰ ਕੋ ਖਾਨਾ ਖਿਲਾਤਾ ਰਹਾ-ਬੱਬਰ ਦਾ ਮੀਟਿੰਗ ਦਾ ਇੰਤਜ਼ਾਮ ਕਰਦਾ ਰਹਾ-ਹਮ ਬਹੁਤ ਵੀਜੀਲੈਂਟ ਹੋਣਾ ਮਾਂਗਟਾ ਹੈ-ਅਭੀ ਤਕ ਹਮ ਯੇਹ ਭੀ ਨਹੀਂ ਨਿਕਾਲ ਸਕਾ ਕਿ ਉਸ ਰਾਣੀਪੁਰ ਕੇ ਜ਼ੈਲਦਾਰ ਕਾ ਕਤਲ ਕਿਸ ਨੇ ਕੀਆ ? ਯੇਹ ਇਨਫਰਮੇਸ਼ਨ ਬਹੁਤ ਜ਼ਰੂਰੀ ਹੈ-ਵੋਹ ਕੁੰਦਨ ਸਿੰਘ ਕੁਛ ਬਤਾਤਾ ਹੈ ?

ਦੁਰਗਾਦਾਸ : ਜਨਾਬ ਪਿਛਲੇ ਦਸ ਦਿਨ ਤੋਂ ਅਸੀਂ ਹਰ ਤਰੀਕਾ ਵਰਤਿਆ ਹੈ– ਪਰ ਕੋਈ ਇਨਫਰਮੇਸ਼ਨ ਅਸੀਂ ਨਹੀਂ ਲੈ ਸਕੇ–

ਅੰਗਰੇਜ਼ : ਫਿਰ ਟਰਾਈ ਕਰੋ–ਅਗਰ ਮਾਰ ਸੇ ਨਹੀਂ ਮਾਨਾ ਤੋ ਪਿਆਰ ਸੇ ਮਨਾਓ–ਯੇਹ ਇਨਫਰਮੇਸ਼ਨ ਬਹੁਤ ਜ਼ਰੂਰੀ ਹੈ–ਉਸਕੋ ਵਾਹਿਦਾ ਮੁਆਫ ਵਿਟਨੈਸ ਬਣਾਓ–ਵੋਹ ਨੌਜਵਾਨ ਹੈ–ਸੁਣਾ ਹੈ ਉਸਕੇ ਘਰ ਬਿਊਟੀਫੁਲ ਵਾਈਫ ਹੈ–ਉਸ ਕੇ ਲਈ ਤੋਂ ਉਸਕੇ ਦਿਲ ਮੇਂ ਕੁਛ ਕਮਜ਼ੋਰੀ ਹੋਗਾ ਮਾਰ ਸੇ ਨਹੀਂ ਮਾਨਤਾ ਤੋ ਪਿਆਰ ਸੇ ਮਨਾਓ– ਮਗਰ ਹਮਕੋ ਕੰਮਪਲੀਟ ਇਨਫਰਮੇਸ਼ਨ ਮਿਲਣਾ ਚਾਹੀਏ–ਹਮੇ ਪਤਾ ਲਗਨਾ ਚਾਹੀਏ ਕਿ ਵੋਹ ਕਤਲ ਕਿਸ ਨੇ ਕੀਆ–

ਦੁਰਗਾਦਾਸ : ਆਈ ਵਿਲ ਟਰਾਈ ਮਾਈ ਬੈਸਟ ਸਰ...

ਅੰਗਰੇਜ਼ : ਹਾਂ ਟਰਾਈ ਕਰੋ–

*(ਜਾਂਦਾ ਹੈ–ਦੁਰਗਾਦਾਸ ਸਿਪਾਹੀ ਨੂੰ ਬੁਲਾਂਦਾ ਹੈ।)*

ਦੁਰਗਾਦਾਸ : ਰਾਮ ਸਿੰਘ–ਉਸ ਬੱਬਰ ਕੁੰਦਨ ਸਿੰਘ ਨੂੰ ਏਥੇ ਲਿਆਂਦਾ ਜਾਏ–

ਸਿਪਾਹੀ : ਜੀ ਜਨਾਬ–

ਦੁਰਗਾਦਾਸ : ਉਹਦੀ ਪੂਰੀ ਤਲਾਸ਼ੀ ਲੈ ਕੇ ਪੂਰੀ ਇਹਤਿਆਤ ਵਰਤਨੀ–

ਸਿਪਾਹੀ : ਜਨਾਬ ਉਹ ਦੱਸ ਦਿਨਾਂ ਦਾ ਸਾਡੀ ਹਿਰਾਸਤ ਵਿਚ ਏ–ਹਰ ਕਿਸਮ ਦੀ ਤਲਾਸ਼ੀ ਲੈ ਲਈ ਗਈ ਹੈ–ਉਸਨੂੰ ਕਈ ਵਾਰ ਨੰਗਿਆ ਕਰਕੇ ਟਾਰਚਰ ਕੀਤਾ ਗਿਆ ਹੈ–ਹੁਣ ਤਲਾਸ਼ੀ ਕਿਸ ਗੱਲ ਦੀ ਲਈਏ–

ਦੁਰਗਾਦਾਸ : ਉਏ ਹਾਲੀ ਵੀ ਕੋਈ ਪਤਾ ਨਹੀਂ ਕਿ ਉਸਨੇ ਕਿਧਰੇ ਬੰਬ ਲੁਕਾਇਆ ਹੋਵੇ–ਇਹ ਬੱਬਰਾਂ ਦਾ ਕੁਝ ਨਹੀਂ ਪਤਾ–

ਸਿਪਾਹੀ : ਜੀ ਜਨਾਬ–(ਜਾਂਦਾ ਹੈ)

ਦੁਰਗਾਦਾਸ : ਇਨਾਮ ਤੇ ਤਰੱਕੀ ਵੱਲੋਂ ਤਾਂ ਸਾਹਬ ਨੇ ਘੱਟ ਨਹੀਂ ਕੀਤੀ–ਪਰ ਜਾਨ ਦਾ ਖਤਰਾ ਹਰ ਵੇਲੇ ਹੀ ਹੈ–ਰੱਬ ਬੱਬਰਾਂ ਵਰਗਾ ਦੁਸ਼ਮਣ ਕਿਸੇ ਨੂੰ ਨਾ ਦੇਵੇ–

*(ਕੁੰਦਨ ਸਿੰਘ ਨੂੰ ਫੜਕੇ ਦੁਰਗਾਦਾਸ ਦੇ ਅੱਗੇ ਲਿਆਉਂਦੇ ਹਨ।)*

ਦੁਰਗਾਦਾਸ : ਤੈਨੂੰ ਪਤਾ ਏ ਕਿ ਤੈਨੂੰ ਇਥੇ ਕਿਸ ਵਾਸਤੇ ਲਿਆਂਦਾ ਗਿਆ ਏ ?

ਕੁੰਦਨ : ਪਤਾ ਏ–

ਦੁਰਗਾਦਾਸ : ਕਿਸ ਵਾਸਤੇ ਲਿਆਂਦਾ ਗਿਆ ਏ ?

ਕੁੰਦਨ : ਕੀ ਤੁਹਾਨੂੰ ਨਹੀਂ ਪਤਾ ?

ਦੁਰਗਾਦਾਸ : ਸਾਨੂੰ ਤਾਂ ਚੰਗੀ ਤਰ੍ਹਾਂ ਪਤਾ ਏ–

ਕੁੰਦਨ : ਫੇਰ ਪੁੱਛਦੇ ਕਿਉਂ ਹੋ ?

ਦੁਰਗਾਦਾਸ : ਤੇਰੇ ਮੂੰਹੋਂ ਸੁਣਨਾ ਚਾਹੰਦੇ ਹਾਂ–

ਕੁੰਦਨ : ਜੇ ਇਹ ਸੁਣਨਾ ਹੀ ਚਾਹੁੰਦੇ ਹੋ ਤਾਂ ਇਹੋ ਹੀ ਕਾਫੀ ਏ ਕਿ ਅਸੀ ਇਥੇ ਇਸ ਲਈ ਲਿਆਉਂਦੇ ਗਏ ਹਾਂ ਕਿਉਂਕ ਅਸੀਂ ਹਕੂਮਤ ਦੇ ਬਾਗ਼ੀ ਹਾਂ–

ਦੁਰਗਾਦਾਸ : ਬਾਗ਼ੀ... .. ਆਪਣੇ ਦਿਲ ਨੂੰ ਤਸੱਲੀ ਦੇਣ ਲਈ ਤੁਸੀਂ ਬੜਾ ਸੋਹਣਾ ਨਾਂ ਚੁਣਿਆ ਏ ਪਰ ਇਹ ਤੁਸੀਂ ਨਹੀਂ ਜਾਣਦੇ ਕਿ ਤੁਹਾਡੇ ਉਤੇ ਇਲਜ਼ਾਮ ਹੈ ਕਿ ਤੁਸੀਂ ਦਿਨ ਦਿਹਾੜੇ ਡਾਕੇ ਮਾਰੇ–ਸ਼ਰੀਫ ਸ਼ਹਿਰੀਆਂ ਦੇ ਕਤਲ ਕੀਤੇ ਨੇ–

ਕੁੰਦਨ : ਇਹ ਵੀ ਸਾਡੀ ਬਗ਼ਾਵਤ ਦਾ ਇਕ ਹਿੱਸਾ ਹੈ–

ਦੁਰਗਾਦਾਸ : ਕਤਲ ਡਾਕੇ ਡਾਕੂਆਂ ਦੇ ਕੰਮ ਨੇ ਬਾਗ਼ੀਆਂ ਦੇ ਨਹੀਂ–

ਕੁੰਦਨ : ਮਾਸੂਮ ਲੋਕਾਂ ਦੇ ਕਤਲ, ਉਹਨਾਂ ਦੇ ਘਰਾਂ 'ਤੇ ਡਾਕੇ ਡਾਕੂਆਂ ਦੇ ਕੰਮ ਜ਼ਰੂਰ ਹੁੰਦੇ ਨੇ–ਪਰ ਕਾਤਲਾਂ ਦਾ ਕਤਲ, ਡਾਕੂਆਂ ਦੇ ਘਰੀਂ ਡਾਕੇ, ਇਹ ਡਾਕੂਆਂ ਦਾ ਨਹੀਂ ਬਾਗ਼ੀਆਂ ਦਾ ਕੰਮ ਏ–ਦੇਸ਼ ਭਗਤਾਂ ਦਾ ਕੰਮ ਏ–ਸਾਨੂੰ ਫਖ਼ਰ ਏ ਕਿ ਅਸੀਂ ਇਹ ਕੰਮ ਕੀਤਾ–

ਦੁਰਗਾਦਾਸ : ਇਲਾਕੇ ਦੇ ਸ਼ਰੀਫ ਸਫ਼ੈਦ ਪੋਸ਼ਾਂ ਦਾ ਕਤਲ–ਸਾਊ ਸ਼ਾਹੂਕਾਰਾਂ ਦੇ ਘਰ ਡਾਕੇ, ਕੀ ਇਹ ਦੇਸ਼ ਭਗਤਾਂ ਦਾ ਕੰਮ ਏ ?

ਕੁੰਦਨ : ਤੁਹਾਡੀਆਂ ਨਜ਼ਰਾਂ ਵਿਚ ਉਹ ਸ਼ਰੀਫ ਸਫ਼ੈਦ ਪੋਸ਼ ਨੇ ਪਰ ਸਾਡੀਆਂ ਨਜ਼ਰਾਂ ਵਿਚ ਉਹ ਘਟੀਆ ਕਾਤਲ ਹਨ, ਜਿਨ੍ਹਾਂ ਨੇ ਝੂਠੀਆਂ ਗਵਾਹੀਆਂ ਦੇ ਕੇ ਸੈਂਕੜੇ ਦੇਸ਼ ਭਗਤਾਂ ਨੂੰ ਫਾਂਸੀਆਂ ਲਗਵਾਈਆਂ–ਤੁਹਾਡੀਆਂ ਨਜ਼ਰਾਂ ਵਿਚ ਉਹ ਸ਼ਾਹੂਕਾਰ ਸਾਊ ਨੇ, ਪਰ ਸਾਡੀਆਂ ਨਜ਼ਰਾਂ ਵਿਚ ਉਹ ਗਰੀਬਾਂ ਦਾ ਲਹੂ ਪੀਣ ਵਾਲੇ ਹਨ। ਸਾਡੀਆਂ ਨਜ਼ਰਾਂ ਵਿਚ ਤੇ ਤੁਹਾਡੀਆਂ ਨਜ਼ਰਾਂ ਵਿਚ ਫ਼ਰਕ ਹੀ ਇਹ ਹੈ–

ਦੁਰਗਾਦਾਸ : ਪਰ ਤੁਹਾਨੂੰ ਇਹ ਹੱਕ ਨਹੀਂ ਕਿ ਕਾਨੂੰਨ ਨੂੰ ਆਪਣੇ ਹੱਥ ਲਵੋ–

ਕੁੰਦਨ : ਕਿਹੜਾ ਕਾਨੂੰਨ ?

ਦੁਰਗਾਦਾਸ : ਜਿਹੜਾ ਹਕੂਮਤ ਨੇ ਲੋਕਾਂ ਲਈ ਬਣਾਇਆ ਏ–

ਕੁੰਦਨ : ਪਰ ਅਸੀਂ ਉਸ ਕਾਨੂੰਨ ਨੂੰ ਸਵੀਕਾਰ ਨਹੀ ਂਕਰਦੇ–ਇਸੇ ਲਈ ਤਾਂ ਅਸੀਂ ਇਹ ਬਗ਼ਾਵਤ ਛੋਹੀ ਹੈ–

ਦੁਰਗਾਦਾਸ : ਪਰ ਤੁਹਾਡੀ ਬਗ਼ਾਵਤ ਦਾ ਨਿਸ਼ਾਨਾ ਤਾਂ ਕੁਝ ਹੋਣਾ ਚਾਹੀਦੈ, ਚੋਰੀਆਂ ਡਾਕੈਤਾਂ ਕੋਈ ਨਿਸ਼ਾਨਾ ਨਹੀਂ–

ਕੁੰਦਨ : ਅਸੀਂ ਜਦੋਂ ਕਹਿਨੇ ਹਾਂ ਕਿ ਸਾਡਾ ਇਹੋ ਨਿਸ਼ਾਨਾ ਏਂ–ਤੁਸੀਂ ਨਿਸ਼ਾਨੇ ਦੀ ਗੱਲ ਕੀਤੀ ਏ ਹਰ ਇਕ ਬਗ਼ਾਵਤ ਦਾ ਇਕੋ ਹੀ ਨਿਸ਼ਾਨਾ ਹੁੰਦਾ ਹੈ ਕਿ ਆਲੇ–ਦੁਆਲੇ ਜੋ ਕੁਝ ਗ਼ਲਤ ਏ, ਉਸਨੂੰ ਖ਼ਤਮ

ਕੀਤਾ ਜਾਏ–

ਦੁਰਗਾਦਾਸ : ਕੀ ਗ਼ਲਤ ਏ ?

ਕੁੰਦਨ : ਆਪਣੇ ਆਪ ਵਿਚ ਸਾਰਿਆਂ ਨਾਲੋਂ ਵੱਡੀ ਗਲਤ ਗੱਲ ਇਹ ਹੈ ਕਿ ਸੱਤ ਸਮੁੰਦਰੋਂ ਪਾਰ ਆਏ ਮੁੱਠੀ ਭਰ ਲੋਕ ਸਾਡੀਆਂ ਤਕਦੀਰਾਂ ਦੇ ਮਾਲਕ ਬਣੇ ਬੈਠੇ ਹੋਏ ਨੇ–

ਦੁਰਗਾਦਾਸ : ਸਾਨੂੰ ਤਾਂ ਸਗੋਂ ਉਹਨਾਂ ਦੇ ਸ਼ੁਕਰਗੁਜ਼ਾਰ ਹੋਣਾ ਚਾਹੀਦੈ ਕਿ ਉਹਨਾਂ ਨੇ ਪਾਏਦਾਰ ਸਰਕਾਰ ਦਿੱਤੀ। ਜਿਸ ਰਾਜ 'ਚ ਸ਼ੇਰ ਤੇ ਬੱਕਰੀ ਇਕ ਘਾਟ 'ਤੇ ਪਾਣੀ ਪੀਂਦੇ ਨੇ–

ਕੁੰਦਨ : ਇਹ ਤੁਸੀਂ ਕਹਿੰਦੇ ਹੋ ?

ਦੁਰਗਾਦਾਸ : ਨਹੀਂ ਦੁਨੀਆਂ ਕਹਿੰਦੀ ਏ–

ਕੁੰਦਨ : ਦੁਨੀਆਂ ਨਹੀਂ ਕਹਿੰਦੀ–ਸਗੋਂ ਕੁਝ ਝੋਲੀ ਚੁੱਕ ਟੋਡੀ ਕਹਿੰਦੇ ਹਨ ਤੇ ਜਿਨ੍ਹਾਂ ਨੂੰ ਇਹ ਗੱਲ ਕਹਿਣ ਦੇ ਪਿਛੇ ਰਾਏ ਬਹਾਦੁਰੀ, ਸਰਦਾਰ ਬਹਾਦਰੀ, ਖਾਨ ਬਹਾਦਰੀ ਮਿਲੀ ਹੈ ਤੇ ਮੈਨੂੰ ਤੁਹਾਡੇ ਮੂੰਹ ਤੇ ਇਹ ਗੱਲ ਕਹਿਣ ਵਿਚ ਕੁਝ ਸੰਕੋਚ ਨਹੀਂ ਕਿ ਉਹਨਾਂ ਵਿਚੋਂ ਇਕ ਤੁਸੀਂ ਵੀ ਹੋ–

ਦੁਰਗਾਦਾਸ : ਬਕਵਾਸ ਬੰਦ ਕਰ, ਤੇਰੇ ਕੋਲੋਂ ਇਹ ਸੁਣਨ ਲਈ ਤੈਨੂੰ ਇਥੇ ਨਹੀਂ ਲਿਆਂਦਾ ਗਿਆ–

ਕੁੰਦਨ : ਫਿਰ ਕਿਸ ਲਈ ਲਿਆਇਆ ਗਿਆ ਹਾਂ–ਇਹਵੀ ਦੱਸ ਕਿਓ–

ਦੁਰਗਾਦਾਸ : ਦਸ ਦੇਨੇ ਹਾਂ, ਕੋਈ ਕਾਹਲੀ ਏ ?

ਕੁੰਦਨ : ਹਾਂ ਕਾਹਲੀ ਏ, ਕਿਉਂਕਿ ਮੈਨੂੰ ਤੁਹਾਡੇ ਕੋਲ ਇਥੇ ਖਲੋਣਾ ਕੋਈ ਚੰਗਾ ਨਹੀਂ ਲਗ ਰਿਹਾ।

ਦੁਰਗਾਦਾਸ : ਤੂੰ ਤਾਂ ਇਸ ਤਰ੍ਹਾਂ ਗੱਲਾਂ ਕਰ ਰਿਹਾ ਏਂ ਜਿਸ ਤਰ੍ਹਾਂ ਤੂੰ ਸਾਡੀ ਕੈਦ ਵਿਚ ਨਹੀਂ ਅਸੀਂ ਤੇਰੀ ਕੈਦ ਵਿਚ ਹਾਂ–

ਕੁੰਦਨ : ਇਹ ਤਾਂ ਆਪਣੇ ਆਪਣੇ ਸੋਚਣ ਦਾ ਤਰੀਕਾ ਹੈ–ਮੈਂ ਸੰਗਲਾਂ ਵਿਚ ਖਲੋਤਾ ਵੀ ਆਪਣੇ ਆਪ ਨੂੰ ਆਜ਼ਾਦ ਸਮਝਦਾ ਹਾਂ ਪਰ ਤੁਸੀਂ ਇਤਨੇ ਰੁੱਤਬੇ ਵਾਲੀ ਵਰਦੀ ਵਿਚ ਵੀ ਗੁਲਾਮੀ ਦਾ ਦਰਜਾ ਰਖਦੇ ਹੋ ਕਿਉਂਕਿ ਤੁਸੀਂ ਆਪਣੇ ਜਿਹਨ 'ਤੇ ਗੁਲਾਮੀ ਦੇ ਸੰਗਲ ਪਾ ਰਖੇ ਨੇ–

ਦੁਰਗਾਦਾਸ : ਗੁਲਾਮੀ ਦੇ ਸੰਗਲ–ਕੀ ਮਤਲਬ ?

ਕੁੰਦਨ : ਹਾਂ ਜੇਕਰ ਤੁਸੀਂ ਇਹ ਗੁਲਾਮੀ ਦੇ ਸੰਗਲ ਨਾ ਪਾਏ ਹੁੰਦੇ ਤਾਂ ਇਹ ਨਾ ਕਹਿੰਦੇ ਕਿ ਅੰਗਰੇਜ਼ ਦਾ ਰਾਜ ਬਰਕਤਾਂ ਦਾ ਰਾਜ ਹੈ–ਜਿਸ ਰਾਜ ਦੇ ਥੱਲੇ ਸਾਡਾ ਦੁੱਧ ਦੀਆਂ ਨਦੀਆਂ ਵਾਲਾ ਦੇਸ਼ ਇਕ ਭੁੱਖ

ਨੰਗ ਦਾ ਦੇਸ਼ ਹੋ ਗਿਆ–ਜਿਸ ਰਾਜ ਦੇ ਥੱਲੇ ਸਾਡੇ ਦੇਸ਼ ਦੀ ਸਨੱਅਤ ਉਜੜ ਗਈ–ਸਾਡੇ ਕਾਰੀਗਰ ਭੁੱਖੇ ਮਰਨ ਤੇ ਮਜਬੂਰ ਹੋ ਗਏ–ਜਿਸ ਰਾਜ ਦੇ ਥੱਲੇ ਸਾਡੇ ਆਪਣੇ ਕਾਰਖਾਨੇ ਬੰਦ ਹੋ ਗਏ ਤਾਂ ਜੋ ਵਲੈਤ ਦੇ ਕਾਰਖਾਨੇ ਚਲਦੇ ਰਹਿਣ–ਉਸ ਰਾਜ ਨੂੰ ਜੇ ਕੋਈ ਆਪਣਾ ਹੀ ਦੇਸ਼ ਵਾਸੀ ਬਰਕਤਾਂ ਦਾ ਰਾਜ ਕਹੇ ਤਾਂ ਉਸਨੂੰ ਜ਼ਹਿਨੀ ਤੌਰ 'ਤੇ ਗੁਲਾਮ ਦੇ ਸਿਵਾ ਹੋਰ ਕਿਹਾ ਵੀ ਕੀ ਜਾ ਸਕਦਾ ਹੈ।

ਦੁਰਗਾਦਾਸ : ਤੂੰ ਨਾ ਭੁਲ ਕਿ ਇਸੇ ਰਾਜ ਦਾ ਤੂੰ ਕਿਸੇ ਵੇਲੇ ਵਫ਼ਾਦਾਰ ਸਿਪਾਹੀ ਰਹਿ ਚੁੱਕਿਆ ਏਂ–

ਕੁੰਦਨ : ਉਹ ਵਫ਼ਾਦਾਰੀ ਹੀ ਮੇਰੀ ਜ਼ਿੰਦਗੀ ਦੀ ਵੱਡੀ ਭੁੱਲ ਸੀ–ਕੁਝ ਟਕਿਆਂ ਦੇ ਬਦਲੇ ਮੈਂ ਰੇਗਿਸਤਾਨਾਂ ਵਿਚ ਲੜਿਆ ਬਰਫਾਨੀ ਪਹਾੜਾਂ 'ਤੇ ਲੜਿਆ–ਕਿਸ ਲਈ ਤਾਂ ਜੋ ਬ੍ਰਿਟਿਸ਼ ਐਮਪਾਇਰ ਵਿਚ ਵਾਧਾ ਹੋਵੇ–ਤੇ ਮੈਨੂੰ ਇਸ ਬਦਲੇ ਕੀ ਮਿਲਿਆ ਮੇਰੇ ਦੇਸ਼ ਵਾਸੀਆਂ ਨੂੰ ਕੀ ਮਿਲਿਆ ? ਬੇਇਜ਼ਤੀ–ਜ਼ਲਾਲਤ ਤੇ ਜੇ ਅਸੀਂ ਇਸ ਬਾਰੇ ਥੋੜਾ ਜਿਹਾ ਰੋਸ ਕੀਤਾ ਤਾਂ ਸਾਨੂੰ ਮਿਲੀਆਂ, ਜਲ੍ਹਿਆਂ ਵਾਲੇ ਬਾਗ਼ ਵਿਚ ਗੋਲੀਆਂ–ਗੁਰੂ ਕੇ ਬਾਗ਼ ਵਿਚ ਲਾਠੀਆਂ–ਅਸੀਂ ਬਗ਼ਾਵਤ ਕੀਤੀ–ਪਰ ਸਾਡੇ ਨਾਲ ਮਰਦਾਂ ਦੀ ਤਰ੍ਹਾਂ ਵਰਤਾਓ ਕਰਨ ਦੀ ਬਜਾਏ ਸਾਡੇ ਬਜ਼ੁਰਗਾਂ ਨੂੰ ਜ਼ਲੀਲ ਕੀਤਾ ਗਿਆ–ਸਾਡੀਆਂ ਨੌਜਵਾਨ ਔਰਤਾਂ ਨੂੰ ਗਲੀਆਂ ਵਿਚ ਧੂਹਿਆ ਗਿਆ–ਮੈਨੂੰ ਇਸ ਗੱਲ ਦੀ ਸ਼ਰਮ ਏ ਕਿ ਮੈਂ ਇਹੋ ਜਿਹੇ ਬਦਇਖਲਾਕ ਲੋਕਾਂ ਦਾ ਕਿਸੇ ਵੇਲੇ ਵਫ਼ਾਦਾਰ ਸਿਪਾਹੀ ਰਿਹਾ ਹਾਂ–ਪਰ ਕੁਝ ਬੇਸ਼ਰਮ ਲੋਕ ਹਾਲੇ ਵੀ ਐਸੇ ਨੇ ਜਿਹੜੇ ਉਸ ਰਾਜ ਦੇ ਗੁਣ ਗਾ ਰਹੇ ਨੇ–

ਦੁਰਗਾਦਾਸ : ਤੇਰਾ ਇਸ਼ਾਰਾ ਸ਼ਾਇਦ ਸਾਡੇ ਵੱਲ ਏ–

ਕੁੰਦਨ : ਇਸ਼ਾਰਾ ਸਮਝਣ ਵਿਚ ਤੁਸੀਂ ਕਾਫੀ ਸਮਝਦਾਰ ਲਗਦੇ ਹੋ–

ਦੁਰਗਾਦਾਸ : ਤੂੰ ਵੀ ਕੁਝ ਸਮਝਦਾਰੀ ਤੋਂ ਕੰਮ ਲੈ–ਐਵੇਂ ਨਾਹੱਕ ਕਿਉਂ ਜਾਨ ਗਵਾਉਣ ਦੀ ਠਾਨ ਲਈ ਆ–

ਕੁੰਦਨ : ਮੈਂ ਸਮਝਿਆ ਨਹੀਂ–

ਦੁਰਗਾਦਾਸ : ਤੈਨੂੰ ਪਤਾ ਹੈ ਤੁਹਾਡੀ ਖੇਡ ਮੁੱਕ ਗਈ–

ਕੁੰਦਨ : ਇਹ ਤੁਹਾਡੀ ਗਲਤ ਫਹਿਮੀ ਹੈ–ਜੇਕਰ ਇਹ ਖੇਡ ਮੁੱਕ ਵੀ ਗਈ ਏ ਤਾਂ ਸਾਨੂੰ ਕੋਈ ਅਫਸੋਸ ਨਹੀਂ ਕਿ ਅਸੀਂ ਇਹ ਖੇਡ ਕਿਉਂ ਖੇਡੀ–ਜੇ ਮੌਕਾ ਲਗਿਆ ਤਾਂ ਅਸੀਂ ਇਹ ਖੇਡ ਫੇਰ ਵੀ ਖੇਡਾਂਗੇ–ਜੇ ਅਸੀਂ ਨਾ ਰਹੇ ਤਾਂ ਆਉਣ ਵਾਲੇ ਲੋਕ ਖੇਡਣਗੇ–

ਦੁਰਗਾਦਾਸ : ਕਿਸ ਤਰ੍ਹਾਂ ਖੇਡੋਗੇ, ਤੈਨੂੰ ਪਤਾ ਏ ਤੁਹਾਡਾ ਜਥੇਦਾਰ ਕਿਸ਼ਨ ਸਿੰਘ ਵੜਿੰਗ ਸਮੇਤ ਦੂਜੇ ਜਥੇਦਾਰਾਂ ਨੂੰ ਫੜ ਲਿਆ ਗਿਆ ਏ–

ਕੁੰਦਨ : ਫੇਰ–

ਦੁਰਗਾਦਾਸ : ਉਹਨਾਂ ਨੂੰ ਫਾਂਸੀ ਲੱਗ ਜਾਣੀ ਯਕੀਨੀ ਹੈ–

ਕੁੰਦਨ : ਦੇਸ਼ ਭਗਤਾਂ ਨੂੰ ਫਾਂਸੀ ਕੋਈ ਪਹਿਲੀ ਵਾਰ ਤਾਂ ਨਹੀਂ ਲੱਗਣ ਲੱਗੀ, ਮਨੁੱਖ ਦਾ ਇਤਿਹਾਸ ਇਹਨਾਂ ਫਾਂਸੀਆਂ ਸੂਲੀਆਂ ਦਾ ਇਤਿਹਾਸ ਹੈ–ਤੁਸੀਂ ਦੱਸੋ ਕਿਹੜੇ ਯੁੱਗ ਵਿਚ ਸੱਚ ਨੂੰ ਫਾਂਸੀ ਨਹੀਂ ਲੱਗੀ, ਕਿਹੜੇ ਯੁੱਗ ਵਿਚ ਈਸਾ ਸੂਲੀ ਨਹੀਂ ਚੜ੍ਹਿਆ–

ਦੁਰਗਾਦਾਸ : ਇਹ ਸੂਰਮਗਤੀ ਦੀਆਂ ਗੱਲਾਂ ਕਰਨੀਆਂ ਬੜੀਆਂ ਆਸਾਨ ਨੇ–ਪਰ ਸਚਾਈ ਇਸ ਤੋਂ ਬਹੁਤ ਕੌੜੀ ਏ–ਤੈਨੂੰ ਜੇ ਆਪਣਾ ਖਿਆਲ ਨਹੀਂ ਤਾਂ ਆਪਣੀ ਘਰਵਾਲੀ ਦਾ ਖਿਆਲ ਕਰ, ਜਿਸਨੂੰ ਇਸ ਉਮਰ ਵਿਚ ਤੂੰ ਬੇਸਹਾਰਾ ਛੱਡ ਜਾਏਂਗਾ–

ਕੁੰਦਨ : ਤੁਹਾਨੂੰ ਇਸ ਗੱਲ ਦਾ ਬੜਾ ਖਿਆਲ ਏ–

ਦੁਰਗਾਦਾਸ : ਮੈਂ ਵੀ ਆਖਰ ਇਨਸਾਨ ਹਾਂ–

ਕੁੰਦਨ : ਪਰ ਤੁਹਾਡੀ ਇਨਸਾਨੀਅਤ ਉਸ ਵੇਲੇ ਕਿਥੇ ਗਈ ਸੀ–ਜਦੋਂ ਮੇਰੀ ਘਰ ਵਾਲੀ ਨੂੰ ਤੁਹਾਡੇ ਬੁੱਚੜ ਸਿਪਾਹੀਆਂ ਨੇ ਪਿੰਡ ਦੀਆਂ ਗਲੀਆਂ ਵਿਚ ਰੋਲਿਆ–ਉਸ ਦੀ ਇਜ਼ਤ 'ਤੇ ਹੱਥ ਪਾਇਆ–ਤੁਸੀਂ ਦੂਰ ਖੜੇ ਤਮਾਸ਼ਾ ਵੇਖਦੇ ਰਹੇ–ਤੇ ਤੁਹਾਡਾ ਉਹ ਅੰਗਰੇਜ਼ ਸਾਹਬ ਵਹਿਸ਼ੀਆਨਾ ਹਾਸਾ ਹੱਸਦਾ ਰਿਹਾ–ਹੁਣ ਇਹ ਨਾ ਕਹਿਣਾ ਕਿ ਇਹ ਤੁਹਾਡਾ ਫ਼ਰਜ਼ ਹੈ ਕਿਉਂਕਿ ਤੁਸੀਂ ਖਾਕੀ ਵਰਦੀ ਪਾਈ ਹੋਈ ਏ–

ਦੁਰਗਾਦਾਸ : ਤੈਨੂੰ ਇਸ ਵਰਦੀ ਤੋਂ ਬੜੀ ਚਿੜ ਏ–

ਕੁੰਦਨ : ਕਿਉਂਕਿ ਇਹ ਵਰਦੀ ਚੰਗੇ ਭਲੇ ਇਨਸਾਨ ਨੂੰ ਵੀ ਦਰਿੰਦਾ ਬਣਾ ਦੇਂਦੀ ਏ–ਇਹ ਵਰਦੀ ਵਾਲੇ ਲੋਕਾਂ ਨੇ ਕਾਨੂੰਨ ਦੇ ਨਾਂ ਥੱਲੇ ਪਿਛਲੇ ਕੁਝ ਸਾਲਾਂ ਵਿਚ ਤਹਿਜ਼ੀਬ ਦਾ ਜੋ ਨੰਗਾ ਨਾਚ ਨੱਚਿਆ ਹੈ–ਮੈਂ ਕੀ, ਆਉਣ ਵਾਲੀਆਂ ਕਈ ਪੁਸ਼ਤਾਂ ਇਸ ਵਰਦੀ ਨੂੰ ਨਫ਼ਰਤ ਕਰਨਗੀਆਂ ਤੇ ਇਹ ਮੰਨਣ ਤੋਂ ਇਨਕਾਰ ਕਰਨਗੀਆਂ ਕਿ ਇਹ ਵਰਦੀ ਪਾ ਕੇ ਕੋਈ ਇਨਸਾਨ, ਇਨਸਾਨ ਵੀ ਰਹਿ ਸਕਦਾ ਏ–

ਦੁਰਗਾਦਾਸ : ਮੈਂ ਵੀ ਇਹ ਵਰਦੀ ਪਾਈ ਏ ਪਰ ਦੇਖ ਲੈ ਮੈਂ ਤੇਰੇ ਨਾਲ ਕੋਈ ਮਾੜਾ ਸਲੂਕ ਨਹੀਂ ਕਰ ਰਿਹਾ।

ਕੁੰਦਨ : ਪਿਛਲੇ ਦਸ ਦਿਨਾਂ ਤੋਂ ਤੁਹਾਡੇ ਬੁਚੜ ਬੰਦਿਆਂ ਨੇ ਜਿਸ ਤਰ੍ਹਾਂ ਮੈਨੂੰ ਕੋਹਿਆ ਹੈ ? ਉਸ ਤੋਂ ਵੱਧ ਹੁਣ ਮਾੜੇ ਸਲੂਕ ਦੀ ਗੁੰਜਾਇਸ਼ ਵੀ

ਕੀ ਰਹਿ ਗਈ ਏ-ਇਹ ਤਾਂ ਮੇਰਾ ਹੀ ਸਿਦਕ ਹੈ ਜਿਸਨੇ ਮੈਨੂੰ ਹਾਲੇ ਵੀ ਖੜਾ ਰੱਖਿਆ ਹੈ-

ਦੁਰਗਾਦਾਸ : ਕੀ ਮਾੜਾ ਸਲੂਕ ਕੀਤਾ ਹੈ-

ਕੁੰਦਨ : ਪੁੱਠਾ ਟੰਗਣ ਤੋਂ ਲੈ ਕੇ ਲੱਤਾਂ ਵਿਚ ਮੰਜੀ ਦੇਣ ਤੱਕ ਦਾ ਕਿਹੜਾ ਤਸੀਹਾ ਹੈ ਜਿਹੜਾ ਮੈਨੂੰ ਨਹੀਂ ਦਿੱਤਾ ਗਿਆ-ਤਸੀਹਾਂ ਦੀ ਪੀੜ ਨਾਲ ਮੈਂ ਜਦੋਂ ਕੁਰਾਂਹਦਾ ਸਾਂ ਤਾਂ ਤੁਹਾਡੇ ਇਹ ਬੁੱਚੜ ਹੱਸਦੇ ਸਨ-

ਦੁਰਗਾਦਾਸ : ਮੈਨੂੰ ਇਹ ਦਾ ਅਫ਼ਸੋਸ ਏ-ਪਰ ਸੱਚ ਮੈਨੂੰ ਇਹਦਾ ਨਹੀਂ ਪਤਾ-

ਕੁੰਦਨ : ਚਲੋ ਨਹੀਂ ਪਤਾ ਹੋਣਾ ਉਂਝ ਮੈਂ ਤੁਹਾਡੇ ਮਹਿਕਮੇ ਨੂੰ ਵਧਾਈ ਦੇਂਦਾ ਹਾਂ ਕਿ ਉਹਨਾਂ ਨੇ ਆਪਣੀ ਭਰਤੀ ਵੇਲੇ ਇਸ ਧਰਤੀ ਦਾ ਕਮੀਨੇ ਤੋਂ ਕਮੀਨਾ ਬੰਦਾ ਲੱਭਣ ਵਿਚ ਕੋਈ ਕਸਰ ਨਹੀਂ ਛੱਡੀ, ਹਾਂ ਹੁਕਮ ਕਰੋ ਅੱਜ ਮੈਨੂੰ ਫੇਰ ਕਿਉਂ ਬੁਲਾਇਆ ਗਿਆ ਏ-

ਦੁਰਗਾਦਾਸ : ਮੈਂ ਤੈਨੂੰ ਇਕ ਮੌਕਾ ਜ਼ਰੂਰ ਦੇਣਾ ਚਾਹੁੰਦਾ ਹਾਂ-

ਕੁੰਦਨ : ਕਿਹੜਾ ਮੌਕਾ ?

ਦੁਰਗਾਦਾਸ : ਤੂੰ ਵਾਅਦਾ ਮੁਆਫ਼ ਗਵਾਹ ਬਣ ਜਾ ਤੇ ਸਾਨੂੰ ਇਹ ਸੂਹ ਦੇ ਕਿ ਰਾਣੀ ਪੁਰ ਦੇ ਜ਼ੈਲਦਾਰ ਦਾ ਕਤਲ ਕਿਸ ਨੇ ਕੀਤਾ-

ਕੁੰਦਨ : ਤੁਸੀਂ ਇਹ ਜਾਣ ਕੇ ਕੀ ਲੈਣਾ ਏ ? ਕੀ ਇਹ ਕਾਫੀ ਨਹੀਂ ਕਿ ਧਰਤੀ ਦਾ ਇਕ ਗੰਦਾ ਕੀੜਾ ਪੈਰ ਥੱਲੇ ਕੁੱਚਲ ਦਿੱਤਾ ਗਿਆ-

ਦੁਰਗਾਦਾਸ : ਪਰ ਇਹ ਕਿਨੇ ਕੁਚਲਿਆ ਇਹ ਇਕ ਵੱਡਾ ਸਵਾਲ ਏ-

ਕੁੰਦਨ : ਮੈਨੂੰ ਨਹੀਂ ਪਤਾ-

ਦੁਰਗਾਦਾਸ : ਤੈਨੂੰ ਪਤਾ ਏ-

ਕੁੰਦਨ : ਜੇ ਮੈਨੂੰ ਪਤਾ ਵੀ ਹੋਵੇ ਤਾਂ ਮੈਂ ਦੱਸ ਨਹੀਂ ਸਕਦਾ-

ਦੁਰਗਾਦਾਸ : ਤੇਰੇ ਵੱਡੇ ਵੀ ਦੱਸਣਗੇ-

ਕੁੰਦਨ : ਲੈ ਆ ਗਏ ਨਾ ਤੁਸੀਂ ਵੀ ਆਪਣੀ ਤੇ-ਜੇ ਤੁਸੀਂ ਇਸ ਤਰ੍ਹਾਂ ਨਾ ਬੋਲਦੇ ਤਾਂ ਮੇਰੀ ਇਹ ਸੋਚ ਗ਼ਲਤ ਹੋ ਜਾਣੀ ਸੀ ਕਿ ਖਾਕੀ ਵਰਦੀ ਵਿਚ ਇਨਸਾਨ, ਇਨਸਾਨ ਨਹੀਂ ਰਹਿੰਦਾ ਸ਼ੁਕਰੀਆ, ਹਾਂ ਇਕ ਵਾਰੀ ਫੇਰ ਆਖਦਾ ਹਾਂ ਕਿ ਇਹ ਗੱਲਾਂ ਪੁਛਣ ਦਾ ਕੀ ਫਾਇਦਾ, ਤੁਹਾਡੀਆਂ ਕਚੈਹਰੀਆਂ ਨੇ ਸਾਡੇ ਬਾਰੇ ਫੈਸਲੇ ਤਾਂ ਪਹਿਲੇ ਹੀ ਲਿਖ ਲਏ ਨੇ-

ਦੁਰਗਾਦਾਸ : ਇਸ ਦਾ ਮਤਲਬ ਏ ਕਿ ਤੁਸੀਂ ਮੌਤ ਨੂੰ ਪਹਿਲੇ ਹੀ ਆਪਣੀ ਤਕਦੀਰ ਮੰਨ ਲਿਆ ਹੈ-

ਕੁੰਦਨ : ਮੌਤ ਨੂੰ ਤਕਦੀਰ ਨਹੀਂ ਮੰਨਿਆ ਸਗੋਂ ਮੌਤ ਦੇ ਭੈਅ ਨੂੰ ਕਾਬੂ ਕੀਤਾ ਹੈ-ਸਾਡੇ ਸਿਰਾਂ 'ਤੇ ਕਾਲੀਆਂ ਪੱਗਾਂ ਇਸ ਗੱਲ ਦੀ ਨਿਸ਼ਾਨੀ ਨੇ

ਕਿ ਅਸੀਂ ਕਾਲ ਨੂੰ ਆਪਣੇ ਸਿਰ ’ਤੇ ਬੰਨ ਲਿਆ ਹੈ। ਇਸ ਲਈ ਅਸੀਂ ਕਦੀ ਵੀ ਮਿੱਟ ਨਹੀਂ ਸਕਦੇ–ਸਾਡੀ ਹੋਣੀ ਅਕਾਲ ਹੈ–ਇਸੇ ਲਈ ਅਸੀਂ ਬੱਬਰ ਅਕਾਲੀਆਂ ਦੇ ਨਾਂ ਨਾਲ ਜਾਣੇ ਜਾਂਦੇ ਹਾਂ ਤੇ ਸਾਨੂੰ ਇਸ ਨਾਂ ’ਤੇ ਫ਼ਖਰ ਏ–

ਦੁਰਗਾਦਾਸ : ਫੇਰ ਮੈਂ ਕਾਗਜ਼ਾਂ ’ਤੇ ਲਿਖ ਦੇਵਾਂ ਤੈਨੂੰ ਸਮਝਾਉਣਾ ਬਿਲਕੁਲ ਬੇਅਰਥ ਏ–

ਕੁੰਦਨ : ਕਾਗਜ਼ ਤੁਹਾਡੇ ਨੇ ਲਿਖਣ ਵਾਲੇ ਹੱਥ ਦੋਵੇਂ ਤੁਹਾਡੇ ਨੇ ਜੋ ਮਰਜ਼ੀ ਲਿਖ ਦੇਵੋ ਪਰ ਜੇ ਲਿਖਣ ’ਤੇ ਆ ਹੀ ਗਏ ਹੋ ਤਾਂ ਸਾਡੇ ਵੱਲੋਂ ਵੀ ਲਿਖ ਦੇਣਾ ਤੁਹਾਡੀਆਂ–ਇਹ ਹਨੇਰ ਕੋਠੜੀਆਂ ਹੋ ਰਹੇ ਉਜਾਲੇ ਨੂੰ ਰੋਕ ਨਹੀਂ ਸਕਦੀਆਂ, ਦਿਨ ਨੇ ਤਾਂ ਆਖਿਰ ਚੜ੍ਹਣਾ ਹੀ ਹੈ–ਕਾਲਖ ਨੂੰ ਸਮੇਟ ਕੇ–

ਦੁਰਗਾਦਾਸ : ਕਿਹੜਾ ਦਿਨ ?

ਕੁੰਦਨ : ਉਹ ਦਿਨ ਜਦੋਂ ਇਹ ਧਰਤੀ ਸਾਡੀ ਹੋਵੇਗੀ–ਇਸ ਧਰਤੀ ਦੇ ਰੁਖ ਸਾਡੇ ਹੋਣਗੇ–ਇਹਨਾਂ ਰੁੱਖਾਂ ਦੀਆਂ ਛਾਵਾਂ ਸਾਡੀਆਂ ਹੋਣਗੀਆਂ ਇਹਨਾਂ ਦੀਆਂ ਹਵਾਵਾਂ ਸਾਡੀਆਂ ਹੋਣਗੀਆਂ–

ਦੁਰਗਾਦਾਸ : ਹੋ...(ਬੇਬਸੀ ਨਾਲ ਹੱਥ ਮਾਰਦਾ ਹੈ) ਲੈ ਜਾਉ ਇਹਨੂੰ–ਜਦੋਂ ਇਹਨੇ ਮੌਤ ਨੂੰ ਕਬੂਲ ਕਰ ਹੀ ਲਿਆ ਤਾਂ ਮੈਂ ਕੀ ਕਰ ਸਕਦਾ ਹਾਂ–ਉਹ ਸਾਹਿਬ ਬਹਾਦੁਰ ਕੀ ਜਾਣੇ, ਸਾਡਾ ਕਿਹੋ ਜਿਹੇ ਬੰਦਿਆਂ ਨਾਲ ਵਾਹ ਪਿਆ ਹੈ–

*(ਕੁੰਦਨ ਸਿੰਘ ਨੂੰ ਸਿਪਾਹੀ ਲਿਜਾਂਦੇ ਹਨ ਤੇ ਪਿਛੋਂ ਗੀਤ ਉਭਰਦਾ ਹੈ।)*

ਸੂਰਮੇਂ ਬੱਬਰ ਅਕਾਲੀ, ਜਿਨ੍ਹਾਂ ਦੀ ਮੌਤ ਨਾਲ ਭਯਾਲੀ,
ਜਿੰਦ ਤਲੀ ’ਤੇ ਜਿਨ੍ਹਾਂ ਟਿਕਾਲੀ, ਕਰਨਾ ਹਿੰਦ ਗੋਰੇ ਤੋਂ ਖਾਲੀ,
ਜਿਨ੍ਹਾਂ ਸਹੁੰ ਇਹ ਚੁਕਾਲੀ–

*(ਪਰਚਾ)*